# Diploma in Elementary Education (D.El.Ed.)
## Session - 2013-15 (First year)
## Subject - Childhood and the Development of Children (101)

Time : 2½ hours M.M. 50

ਨੋਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(2) ਪ੍ਰਸ਼ਨ ਪੱਤਰ ਦੇ ਦੋ ਭਾਗ ਹਨ ।

### ਭਾਗ – (ੳ)

1. (i) ਵਿਕਾਸ ਦੇ ਅਧਿਐਨ ਵਿੱਚ ਸਥਾਈ ਵਿਸ਼ੇ ਤੋਂ ਤੁਹਾਡਾ ਕੀ ਭਾਵ ਹੈ? (2)

(ii) ਸੰਪੂਰਨ ਅਤੇ ਸੂਖਮ ਗਤੀਆਤਮਕ ਹੁਨਰਾਂ (Gross and fine motor skills) ਦੇ ਵਿਕਾਸ ਵਿੱਚ ਅੰਤਰ ਦੱਸੋ । (2)

(iii) ਲਿੰਗ ਭੂਮਿਕਾ (Gender role) ਤੋਂ ਕੀ ਭਾਵ ਹੈ? (2)

(iv) ਬੱਚਿਆਂ ਦੇ ਆਪਣੇ ਮਾਤਾ-ਪਿਤਾ ਤੋਂ ਵੱਖ ਹੋਣ ਦੇ ਕੀ ਕਾਰਨ ਹੁੰਦੇ ਹਨ । (2)

(v) ਖੇਡ ਦੇ ਮੈਦਾਨ ਵਿੱਚ ਲਿੰਗ ਭਿੰਨਤਾ ਕਿਸ ਤਰ੍ਹਾਂ ਅਸਰ ਪਾਉਂਦੀ ਹੈ? (2)

(2+2+2+2+2=10)

### ਭਾਗ – (ਅ)

2. (i) ਵਿਕਾਸ ਦੇ ਸਿਧਾਂਤਾਂ ਦਾ ਵਿਸਥਾਰ ਸਹਿਤ ਵਰਨਣ ਕਰੋ ।

ਜਾਂ

ਪਿਆਜੇ ਦੀ ਡਾਕਟਰੀ ਵਿਧੀ (Clinical method with reference to Piaget) ਤੇ ਚਾਨਣਾ ਪਾਓ । (8)

(ii) ਉਨ੍ਹਾਂ ਕਾਰਕਾਂ ਜਾਂ ਢੰਗਾਂ ਦਾ ਵਰਨਣ ਕਰੋ, ਜਿੰਨ੍ਹਾਂ ਵਿੱਚ ਵਿਕਾਸ ਨਿਰੰਤਰ ਜਾ ਗੈਰ ਨਿਰੰਤਰ ਚਲਦਾ ਹੈ ।

ਜਾਂ

ਬੱਚਿਆਂ ਸਬੰਧੀ ਜਾਣਕਾਰੀ ਇੱਕਠੀ ਕਰਨ ਦੇ ਵੱਖ-ਵੱਖ ਸੰਦਰਭ ਕਿਹੜੇ ਹਨ? ਕਿਸੇ ਇੱਕ ਨੂੰ ਵਿਸਥਾਰ ਪੂਰਵਕ ਵਰਨਣ ਕਰੋ । (8)

(iii) ਗਰੀਬੀ ਦੇ ਸੰਦਰਭ ਵਿੱਚ ਬਚਪਨ (Childhood in the context of poverty) ਦੀ ਧਾਰਨਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ।

ਜਾਂ

ਭਾਰਤੀ ਸੰਦਰਭ ਵਿੱਚ ਬਾਲ ਅਵਸਥਾ ਦਾ ਨਿਰਮਾਣ (Multiple childhood constructed with reference to the Indian context) ਕਿਵੇਂ ਕੀਤਾ ਜਾ ਸਕਦਾ ਹੈ? (8)

(iv) ਸਕੂਲਿੰਗ ਤੋਂ ਕੀ ਭਾਵ ਹੈ? ਸਕੂਲ ਕਿਉਂ ਜ਼ਰੂਰੀ ਹੈ? ਸਕੂਲਾਂ ਦੇ ਮੱਹਤਵਪੂਰਣ ਸਿੱਖਿਅਕ ਕੰਮਾਂ ਤੇ ਚਾਨਣਾ ਪਾਉ ।

ਜਾਂ

ਸਮਾਜੀਕਰਣ ਕੀ ਹੈ? ਸਮਾਜੀਕਰਣ ਦੇ ਸੰਦਰਭ ਵਿੱਚ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਭਿੰਨਤਾ ਬਾਰੇ ਵਿਚਾਰ ਕਰੋ । (8)



Scanned by CamScanner

(v) ਵਿਅਕਤੀਤਵ (Personality) ਤੋਂ ਕੀ ਭਾਵ ਹੈ? ਇਸਦੇ ਵਿਕਾਸ ਲਈ ਫਰਾਇਡ ਦੇ ਮਨੋ-ਵਿਸ਼ਲੇਸ਼ਕ ਸਿਧਾਂਤ ਲਿਖੋ ।

ਜਾਂ

ਸੰਵੇਗਾਂ (Emotions) ਤੋਂ ਕੀ ਭਾਵ ਹੈ? ਸੰਵੇਗਾਂ ਨੂੰ ਸੁਧਾਰਨ ਲਈ ਵੱਖ-ਵੱਖ ਵਿਧੀਆਂ ਜਾ ਸੁਝਾਉ ਲਿਖੋ । (8)

(8+8+8+8+8=40)

Scanned by CamScanner

# Diploma in Elementary Education (D.El.Ed)

## Session 2014-16 (First Year)

## Subject : Childhood and Development of Children (101)

Time : 2½ hours M.M. 50

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

1. (ੳ) ਮਾਨਵ-ਵਾਦ ਮਨੋਵਿਗਿਆਨ (Human Psychology) ਦੇ ਮੂਲ ਸਿਧਾਂਤ ਦੱਸੋ?
   (ਅ) ਵਾਧੇ (Growth) ਤੋਂ ਕੀ ਭਾਵ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ?
   (ੲ) ਸ਼ਖਸ਼ੀਅਤ (Personality) ਦੀ ਪ੍ਰੀਭਾਸ਼ਾ ਦੱਸੋ?
   (ਸ) ਗਰੀਬੀ ਦੇ ਸੰਦਰਭ ਵਿੱਚ ਬਚਪਨ (Childhood in the context of Poverty) ਤੇ ਆਪਣੇ ਵਿਚਾਰ ਲਿਖੋ?
   (ਹ) ਸਕੂਲ-ਸਭਿਆਚਾਰ (School-Culture) ਤੋਂ ਕੀ ਭਾਵ ਹੈ?

(2+2+2+2+2=10)

2. ਕੀ ਵਿਕਾਸ ਇੱਕ ਨਿਰੰਤਰ ਜਾਂ ਗੈਰ-ਨਿਰੰਤਰ (Continous or Discontinous) ਪ੍ਰਕਿਰਿਆ ਹੈ? ਆਪਣੇ ਪੱਖ ਦੇ ਹਕ ਵਿਚ ਦਲੀਲਾਂ ਅਤੇ ਉਦਾਹਰਨਾਂ ਦਿੰਦੇ ਹੋਏ ਆਪਣੇ ਵਿਚਾਰ ਸਪੱਸ਼ਟ ਕਰੋ?

ਜਾਂ (8)

ਬੱਚਿਆਂ ਸੰਬਧੀ ਅੰਕੜੇ ਇਕੱਠੇ ਕਰਨ ਲਈ ਘਟਨਾ-ਬਿਰਤਾਂਤ ਰਿਕਾਰਡ (Anecdotal Record) ਦੀ ਪ੍ਰੀਭਾਸ਼ਾ, ਗੁਣ ਤੇ ਦੋਸ਼ ਦੱਸੋ? ਇਸਨੂੰ ਸੰਭਾਲਣ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਵੀ ਲਿਖੋ?

3. ਸਮੱਗਰ ਅਤੇ ਸੂਖਮ ਸਰੀਰਕ ਕੁਸ਼ਲਤਾਵਾਂ (Gross and Fine Motor Skills) ਤੋਂ ਕੀ ਭਾਵ ਹੈ? ਸ਼ਿਸ਼ੂਕਾਲ ਅਤੇ ਬਚਪਨ ਵਿੱਚ ਵਿਕਸਤ ਕੀਤੀਆਂ ਜਾਣ ਵਾਲੀਆਂ ਕੁਸ਼ਲਤਾਵਾਂ ਦੀਆਂ ਉਦਾਹਰਣਾਂ ਦਿਉ?

ਜਾਂ (8)

ਬਚਪਨ ਵਿੱਚ ਸਮੱਗਰ ਅੜੇ ਸੂਖਮ ਸਰੀਰਕ ਕੁਸ਼ਲਤਾਵਾਂ (Gross and Fine Motor Skills) ਵਿਕਸਤ ਕਰਨ ਵਿੱਚ ਮਾਤਾ-ਪਿਤਾ ਅਤੇ ਅਧਿਆਪਕਾਂ ਵਲੋਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

4. ਸ਼ਖਸ਼ੀਅਤ ਦੇ ਵਿਕਾਸ ਤੋਂ ਕੀ ਭਾਵ ਹੈ? ਇਸ ਸਬੰਧੀ ਫਰਾਇਡ ਦਾ ਮਨੋ-ਵਿਸ਼ਲੇਸ਼ਣ ਸਿਧਾਂਤ (Sigmund Freud's Psycho-Analytical Theory) ਬਾਰੇ ਵਿਸਥਾਰ ਨਾਲ ਦੱਸੋ?

ਜਾਂ (8)

ਸ਼ਖਸ਼ੀਅਤ ਦੇ ਵਿਕਾਸ ਬਾਰੇ ਬੌਲਬੀ ਦੇ ਲਗਾਉ-ਸਿਧਾਂਤ (Attachment Theory of Bowlby) ਦੀ ਵਿਆਖਿਆ ਕਰੋ?

Scanned by CamScanner

5. ਬਚਪਨ ਦੇ ਆਧੁਨਿਕ ਨਿਰਮਾਣ (Modern construct of childhood) ਬਾਰ

ਚਰਚਾ ਕਰੋ?

ਜਾਂ

ਵਿਸ਼ਵੀਕਰਨ (Globalization) ਤੋਂ ਕੀ ਭਾਵ ਹੈ? ਵਿਸ਼ਵੀਕਰਨ ਦਾ ਅਜੋਕੇ (Childhood in the context of Globalization) ਉੱਤੇ ਪ੍ਰਭਾਵ ਦੱਸੋ?

6. ਸਮ-ਸਤਰ ਸਾਥੀਆਂ (Peers) ਤੋਂ ਕੀ ਭਾਵ ਹੈ? ਇਹਨਾਂ ਦੇ ਬੱਚੇ ਤੇ ਪੈਣ ਵਾਲੇ ਪ੍ਰਭਾਵਾਂ ਬ

ਦੱਸੋ?

ਜਾਂ (8)

ਸਮਾਜੀਕਰਨ (Socialization) ਤੋਂ ਕੀ ਭਾਵ ਹੈ? ਇਸਦੇ ਉਦੇਸ਼ ਦੱਸੋ? ਸਮਾਜੀਕਰਨ ਦੀ ਵਿਧੀ ਵਿੱਚ ਪਰਿਵਾਰ ਦੀ ਭੂਮਿਕਾ ਦੱਸੋ?

(8+8+8+8+8=40)

Scanned by CamScanner

# D.El.Ed. (First Year) Examination

## Session - 2016-18

## Subject - Childhood and Development of Children (101)

Time : 2½ hours M.M. 50

**ਭਾਗ - (ੳ)**

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

1. (ੳ) ਮਾਨਵਵਾਦੀ ਮਨੋਵਿਗਿਆਨ (Humanistic Psychology) ਦੇ ਸਿਧਾਂਤ ਕਿਹੜੇ-ਕਿਹੜੇ ਹਨ?

   (ਅ) ਵਾਧੇ ਅਤੇ ਪਰਪੱਕਤਾ ਵਿਚਲਾ ਅੰਤਰ ਸਪੱਸ਼ਟ ਕਰੋ ।

   (ੲ) ਲਿੰਗ ਭੂਮਿਕਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿਹੜੇ ਹਨ?

   (ਸ) ਵਿਸ਼ਵੀਕਰਨ ਦੀ ਬਚਪਨ ਦੇ ਨਿਰਮਾਣ ਵਿੱਚ ਭੂਮਿਕਾ ਦੱਸੋ?

   (ਹ) ਅਨਾਥ ਆਸ਼ਰਮ ਵਿੱਚ ਰਹਿਣ ਵਾਲੇ ਬੱਚਿਆਂ ਦਾ ਮਨੋਵਿਗਿਆਨਕ ਵਿਕਾਸ ਕਿਵੇਂ ਪ੍ਰਭਾਵਿਤ ਹੁੰਦਾ ਹੈ? (5×2=10)

**ਭਾਗ - (ਅ)**

2. ਵਿਕਾਸ ਦੇ ਵਿਭਿੰਨ ਪਹਿਲੂ ਕਿਹੜੇ-ਕਿਹੜੇ ਹਨ? ਵਿਭਿੰਨ ਅਵਸਥਾਵਾਂ ਵਿੱਚ ਹੋਣ ਵਾਲੇ ਸਰੀਰਕ ਵਿਕਾਸ ਉੱਤੇ ਚਾਨਣਾ ਪਾਉ ।

**ਜਾਂ**

ਬੱਚਿਆ ਸੰਬੰਧੀ ਵੱਖ-ਵੱਖ ਸੰਦਰਭਾਂ ਤੋਂ ਜਾਣਕਾਰੀ ਇੱਕਠੀ ਕਰਨ ਲਈ ਅਵਲੋਕਨ ਵਿਧੀ (Observation Method) ਕਿਵੇਂ ਵਰਤੀ ਜਾ ਸਕਦੀ ਹੈ? ਵਿਸਥਾਰਪੂਰਵਕ ਵਰਣਨ ਕਰੋ।

3. ਸੰਪੂਰਨ (Gross) ਅਤੇ ਸੂਖਮ (Fine) ਗਤੀਆਤਮਿਕ ਹੁਨਰਾਂ (Motor Skills) ਵਿਚਲਾ ਅੰਤਰ ਸਪੱਸ਼ਟ ਕਰੋ । ਸ਼ਿਸ਼ੂ ਅਵਸਥਾ ਵਿੱਚ ਬਾਲਕ ਦੇ ਗਤੀਆਤਮਿਕ ਵਿਕਾਸ ਵਿੱਚ ਕੀ ਤਬਦੀਲੀਆਂ ਆਉਂਦੀਆਂ ਹਨ? ਵਰਣਨ ਕਰੋ ।

**ਜਾਂ**

ਬੁੱਧੀ ਦਾ ਅਰਥ ਸਪੱਸ਼ਟ ਕਰਦੇਂ ਹੋਏ ਗਾਰਡਨਰ ਦੇ ਬਹੁਪੱਖੀ ਬੁੱਧੀ ਸਿਧਾਂਤ (Multiple Theory of Intelligence) ਦਾ ਵਰਣਨ ਕਰੋ ।

4. ਸ਼ਖਸੀਅਤ ਦੀ ਪਰਿਭਾਸ਼ਾ ਦਿੰਦੇ ਹੋਏ ਅਤਿਕ੍ਰਮਨ ਦੀ ਵਿਅਕਤੀਤਵ ਸੰਬੰਧੀ ਮੱਤ ਸਮਝਾਓ

Scanned by CamScanner

ਸਿਧਾਂਤ (Erickson Psycho-Social Development Theory) ਦੀ ਵਿਸਥਾਰ ਪੂਰਵਕ ਚਰਚਾ ਕਰੋ ।

ਜਾਂ

ਮਾਨਸਿਕ ਸਵਾਸਥ ਵਿਗਿਆਨ (Mental Hygiene) ਦੇ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਕਾਰਜਾਂ ਤੇ ਮਹੱਤਵ ਤੇ ਚਾਨਣਾ ਪਾਉ । (8)

5. ਗਰੀਬੀ ਅਜੋਕੀ ਬਾਲ ਅਵਸਥਾ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ? ਇਸ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ ।

ਜਾਂ

ਵਿਅਕਤੀਗਤ ਭਿੰਨਤਾਵਾਂ ਦਾ ਅਰਥ ਸਪੱਸ਼ਟ ਕਰਦੇ ਹੋਏ ਦੱਸੋ ਕਿ ਇਹ ਵਿਦਿਅਕ ਪ੍ਰਕਿਰਿਆ ਤੇ ਕੀ ਪ੍ਰਭਾਵ ਪਾਉਂਦੀਆਂ ਹਨ? (8)

6. ਬਾਊਮਰਿੰਡ ਦੁਆਰਾ ਬੱਚਿਆਂ ਦੇ ਪਾਲਣ-ਪੋਸ਼ਣ ਦੀਆਂ ਕਿਹੜੀਆਂ ਸ਼ੈਲੀਆਂ (Parenting Styles) ਦਿੱਤੀਆਂ ਗਈਆਂ ਹਨ? ਵਰਣਨ ਕਰੋ ।

ਜਾਂ

ਸਮਾਜੀਕਰਨ ਦੀ ਪ੍ਰਕਿਰਿਆ ਦੇ ਅਰਥ ਸਪੱਸ਼ਟ ਕਰੋ? ਸਕੂਲ ਪਰਿਵਾਰ ਨਾਲ ਮਿਲਕੇ ਬੱਚਿਆਂ ਦੇ ਸਮਾਜੀਕਰਨ ਵਿੱਚ ਕਿਵੇਂ ਯੋਗਦਾਨ ਪਾਉਂਦਾ ਹੈ? ਵਰਣਨ ਕਰੋ । (8)

Scanned by CamScanner

# El.Ed. (First) Year Examination Session - 2015-17

## And Reappear First Year Session - 2014-16

## Paper - Childhood and Development of Children (101)

Time : 2½ hours M.M. 50

### ਭਾਗ - (ੳ)

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

1. (ੳ) "ਵਿਕਾਸ ਜੀਵਨ ਭਰ ਚੱਲਣ ਵਾਲੀ ਨਿਰੰਤਰ ਪ੍ਰਕਿਰਿਆ ਹੈ" । ਇਸ ਕਥਨ ਦੀ ਪੁਸ਼ਟੀ ਕਰੋ।

(ਅ) ਵਾਧੇ ਅਤੇ ਪਰਪੱਕਤਾ ਵਿੱਚਲਾ ਅੰਤਰ ਸਪੱਸ਼ਟ ਕਰੋ ।

(ੲ) ਲਿੰਗ ਭੂਮਿਕਾ ਤੋਂ ਕੀ ਭਾਵ ਹੈ । ਲਿੰਗ ਭੂਮਿਕਾ ਦੇ ਸਿਧਾਂਤ ਦੱਸੋ।

(ਸ) ਬਾਲਗ ਸੱਭਿਆਚਾਰ ਤੋਂ ਕੀ ਭਾਵ ਹੈ? ਇਸਦੇ ਬੱਚੇ ਦੇ ਵਿਕਾਸ ਉੱਪਰ ਦੇ ਨਕਾਰਾਤਮਕ ਪ੍ਰਭਾਵ ਦੱਸੋ ।

(ਹ) ਬੱਚਿਆਂ ਵਿੱਚ ਮੁਕਾਬਲੇ ਅਤੇ ਸਹਿਯੋਗ ਤੋਂ ਕੀ ਭਾਵ ਹੈ? (2×5=10 ਅੰਕ)

### ਭਾਗ - (ਅ)

1. "ਮਾਨਵਵਾਦ ਮਨੋਵਿਗਿਆਨ (Humanistic Psychology) ਇੱਕ ਮਨੋਵਿਗਿਆਨਕ ਦ੍ਰਿਸ਼ਟੀਕੋਣ ਹੈ ਜੋ ਸੰਪੂਰਨ ਮਨੁੱਖ ਦੇ ਅਧਿਐਨ ਉੱਤੇ ਜੋਰ ਦਿੰਦਾ ਹੈ" । ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਮਾਨਵਵਾਦ ਮਨੋਵਿਗਿਆਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਉ ।

ਜਾਂ

ਬੱਚਿਆਂ ਸੰਬੰਧੀ ਵੱਖ-ਵੱਖ ਸੰਦਰਭਾਂ ਤੋਂ ਜਾਣਕਾਰੀ ਇੱਕਠੀ ਕਰਨ ਲਈ ਇੰਟਰਵਿਊ ਵਿਧੀ (Interview Method) ਕਿਵੇਂ ਸਹਾਈ ਹੁੰਦਾ ਹੈ? ਇਸ ਵਿਧੀ ਦਾ ਵਿਸਥਾਰਪੂਰਵਕ ਵਰਨਣ ਕਰੋ । (8 ਅੰਕ)

2. ਸੰਪੂਰਨ (Gross) ਅਤੇ ਸੂਖਮ (Fine) ਗਤੀਆਤਮਿਕ ਹੁੱਨਰਾਂ (Motor Skills) ਵਿਚਲਾ ਅੰਤਰ ਸਪੱਸ਼ਟ ਕਰੋ । ਸਕੂਲ ਜਾਣ ਤੋਂ ਪਹਿਲਾਂ ਬੱਚਿਆ ਦੇ ਗਤੀਆਤਮਿਕ ਵਿਕਾਸ ਵਿੱਚ ਕੀ ਤਬਦੀਲੀਆਂ ਆਉਂਦੀਆਂ ਹਨ? ਸਪੱਸ਼ਟ ਕਰੋ ।

ਜਾਂ

ਬੱਚਿਆ ਦੇ ਗਤੀਆਤਮਿਕ-ਸ਼ਰੀਰਕ ਵਿਕਾਸ ਦੇ ਮੌਕੇ ਉਪਲਬਧ ਕਰਾਉਣ ਲਈ ਅਧਿਆਪਕ ਕਿਵੇਂ ਸਹਾਈ ਹੋ ਸਕਦੇ ਹਨ? ਵਰਨਣ ਕਰੋ । (8 ਅੰਕ)

3. ਸ਼ਖਸੀਅਤ ਦੀ ਪਰਿਭਾਸ਼ਾ ਦਿੰਦੇ ਹੋਏ ਫਰਾਇਡ ਦੇ ਵਿਕਾਸ ਦੇ ਮਨੋਵਿਸ਼ਲੇਸ਼ਣ ਸਿਧਾਂਤ (Psycho-Analytical Development Theory) ਬਾਰੇ ਵਿਸਥਾਰ ਵਿੱਚ ਚਾਨਣਾ ਪਾਉ ।

ਜਾਂ

ਤੁਸੀਂ ਸੰਵੇਗਾਂ ਦੀ ਪਰਿਭਾਸ਼ਾ ਕਿਵੇਂ ਕਰੋਗੇ? ਸੰਵੇਗਾਂ ਦੀ ਮਹੱਤਤਾ ਦੱਸਦੇ ਹੋਏ ਇਸਨੂੰ ਸਮਝਣ ਅਤੇ ਨਿਯੰਤਰਨ ਕਰਨ ਲਈ ਸਿਖਲਾਈ ਦੀਆਂ ਵਿਧੀਆਂ ਦਾ ਉਲੇਖ ਦਿਉ? (8 ਅੰਕ)



Scanned by CamScanner

4. ਵਿਸ਼ਵੀਕਰਨ ਦੇ ਸੰਦਰਭ ਵਿੱਚ ਅਜੋਕੀ ਬਾਲ ਅਵਸਥਾ ਸੰਬੰਧੀ ਆਪਣੇ ਵਿਚਾਰ ਪ੍ਰਗ...

ਜਾਂ

ਬਾਲ ਅਵਸਥਾ ਦੀ ਧਾਰਨਾ ਦੇ ਸੰਦਰਭ ਵਿੱਚ ਬਚਪਨ ਦੀ ਅਵਸਥਾ ਦੀਆਂ ਭਿੰਨਤਾਵਾਂ ... ਸਮਰੂਪਤਾਵਾਂ ਦਾ ਵਰਨਣ ਕਰੋ । (8 ਅੰਕ)

5. ਬਾਉਮਰਿੰਡ ਦੁਆਰਾ ਬੱਚਿਆਂ ਦੇ ਪਾਲਣ-ਪੋਸ਼ਣ ਦੀਆਂ ਕਿਹੜੀਆਂ ਸ਼ੈਲੀਆਂ (Parenting Styles) ਦਿੱਤੀਆ ਗਈਆਂ ਹਨ? ਵਰਨਣ ਕਰੋ ।

ਜਾਂ

ਸਮਾਜੀਕਰਨ ਦੀ ਪ੍ਰਕਿਰਿਆ ਤੋਂ ਕੀ ਭਾਵ ਹੈ? ਪਰਿਵਾਰ ਸਿੱਖਿਆ ਲਈ ਸਰਵੋਤਮ ਸਥਾਨ ਹੈ ਅਤੇ ਬੱਚੇ ਦਾ ਪਹਿਲਾ ਸਕੂਲ ਹੈ । ਇਸ ਕਥਨ ਦੀ ਪੁਸ਼ਟ ਕਰੋ । (8 ਅੰਕ)

Scanned by CamScanner

# Diploma in Elementary Education (D.El.Ed.)
## Session - 2013-15 (First year)
## Subject - Contemporary Indian Society (102)

Time : 3 hours — M.M. 75

ਨੋਟ :- (1) ਪ੍ਰਸ਼ਨ-ਪੱਤਰ ਦੇ ਤਿੰਨ ਭਾਗ ਹਨ ।

(2) ਸਾਰੇ ਪ੍ਰਸ਼ਨ ਜ਼ਰੂਰੀ ਹਨ ।

### ਭਾਗ – (ੳ)

1. ਅੰਮ੍ਰਿਤਸਰ ਵਿੱਚ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਕਦੋਂ ਵਾਪਰੀ? (1)
2. ਸਾਇਮਨ ਕਮੀਸ਼ਨ ਭਾਰਤ ਕਦੋਂ ਆਇਆ? (1)
3. ਬੰਗਾਲ ਦੀ ਵੰਡ ਕਦੋਂ ਹੋਈ? (1)
4. ਭਾਰਤੀ ਸੰਵਿਧਾਨ ਵਲੋਂ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ? (1)
5. ਪਲਾਸੀ ਦੇ ਮੈਦਾਨ ਵਿੱਚ ਅੰਗਰੇਜਾਂ ਅਤੇ ਬੰਗਾਲ ਦੇ ਨਵਾਬ ਵਿਚਕਾਰ ਯੁੱਧ ਕਦੋਂ ਹੋਇਆ? (1)
6. ਆਪਰੇਸ਼ਨ ਬਲੈਕ-ਬੋਰਡ ਤੋਂ ਤੁਸੀਂ ਕੀ ਸਮਝਦੇ ਹੋ? (1)
7. ਸਮਾਨਤਾ ਤੋਂ ਕੀ ਭਾਵ ਹੈ? (1)
8. ਭਾਰਤੀ ਸੰਵਿਧਾਨ ਵਿੱਚ 42ਵੀ ਸੰਵਿਧਾਨਕ ਸੋਧ ਰਾਹੀਂ ਕਿਹੜੇ ਤਿੰਨ ਸ਼ਬਦ ਸ਼ਾਮਲ ਕੀਤੇ ਗਏ। (1)

(1+1+1+1+1+1+1+1=8)

### ਭਾਗ – (ਅ)

9. ਉਪਨਿਵੇਸ਼ਵਾਦ ਦਾ ਸਮਾਜ, ਅਰਥ ਵਿਵਸਥਾ ਅਤੇ ਰਾਜਨੀਤੀ 'ਤੇ ਕੀ ਅਸਰ ਪਿਆ? ਵਿਸਥਾਰ ਨਾਲ ਲਿਖੋ । (3)
10. ਸਮਾਜਿਕ ਅਤੇ ਪੱਛੜੀਆਂ ਸ਼੍ਰੇਣੀਆਂ ਤੇ ਕਬੀਲਿਆਂ ਦੀ ਸਿੱਖਿਆ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ? (3)
11. ਭਾਰਤ ਵਿੱਚ ਵਿਰੋਧੀ ਪਾਰਟੀ ਦੇ ਤਿੰਨ ਮੁੱਖ ਕੰਮਾਂ ਦਾ ਵਰਨਣ ਕਰੋ । (3)
12. ਚੋਣ ਕਮਿਸ਼ਨ ਦੇ ਕਾਰਜ ਬਾਰੇ ਲਿਖੋ । (3)
13. ਕੀ ਇਹ ਕਹਿਣਾ ਠੀਕ ਹੈ ਕਿ ਆਰਥਿਕ ਸਮਾਨਤਾ ਤੋਂ ਬਿਨਾਂ ਰਾਜਨੀਤਿਕ ਸੁਤੰਤਰਤਾ ਨਿਅਰਥ ਹੈ? (3)
14. ਰਾਸ਼ਟਰਪਤੀ ਦੀਆਂ ਸੰਕਟਸ਼ਾਲੀ ਸ਼ਕਤੀਆਂ ਤੇ ਚਾਨਣਾ ਪਾਉ । (3)
15. ਗਦਰ ਲਹਿਰ ਕੀ ਸੀ ਤੇ ਇਹ ਕਿੱਥੇ ਸ਼ੁਰੂ ਹੋਈ? (3)
16. ਪੰਚਾਇਤੀ ਰਾਜ ਤੋਂ ਕੀ ਭਾਵ ਹੈ? (3)
17. ਪ੍ਰਵਾਸੀ ਮਜਦੂਰ ਕੌਣ ਹੁੰਦੇ ਹਨ? (3)

(3+3+3+3+3+3+3+3+3=27)

Scanned by CamScanner

ਭਾਗ - (ੲ) M.M. 70

18. ਭਾਰਤੀ ਸੰਵਿਧਾਨ ਵਿੱਚ ਅਜ਼ਾਦ ਭਾਰਤ ਦੀ ਕਿਸ ਤਰ੍ਹਾਂ ਸੰਕਲਪਨਾ ਕੀਤੀ ਗਈ ਹੈ?

ਜਾਂ

ਬਸਤੀਵਾਦ ਨੇ ਭਾਰਤੀ ਸਮਾਜ ਉੱਤੇ ਚਿਰਸਥਾਈ ਪ੍ਰਭਾਵ ਪਾਇਆ ਹੈ। ਉਦਾਹਰਨਾਂ ਸਹਿਤ ਕਥਨ ਨੂੰ ਸਿੱਧ ਕਰੋ।

19. ਸਿੱਖਿਆ ਦਾ ਅਧਿਕਾਰ ਐਕਟ 2009 ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸਦੇ ਹੋਏ ਇਸ ਦੀ ਲੋੜ ਬਾਰੇ ਦਲੀਲਾਂ ਦਿਓ।

ਜਾਂ

ਉਪਨਿਵੇਸ਼ਵਾਦ ਦੇ ਵਿਰੁੱਧ ਕੀਤੇ ਗਏ ਸੰਘਰਸ਼ ਅਤੇ ਸੰਯੁਕਤ ਰਾਸ਼ਟਰ ਸੰਘ ਦੀਆਂ ਕੋਸ਼ਿਸ਼ਾ ਦਾ ਵਿਸਥਾਰ ਸਹਿਤ ਵਰਨਣ ਕਰੋ। (10)

20. ਸੰਵਿਧਾਨ ਦੀ 73ਵੀ ਸੋਧ ਅਨੁਸਾਰ ਪੰਚਾਇਤੀ ਰਾਜ ਲਈ ਕੀਤੀ ਵਿਵਸਥਾ ਦਾ ਵਰਨਣ ਕਰੋ।

ਜਾਂ

ਭਾਰਤੀ ਸਮਾਜ ਵਿੱਚ ਕਿਸ ਅਧਾਰ ਤੇ ਅਸਮਾਨਤਾਵਾਂ ਪਾਈਆ ਜਾਂਦੀਆ ਹਨ ਅਤੇ ਸੰਵਿਧਾਨ ਵਿੱਚ ਇਸ ਨੂੰ ਦੂਰ ਕਰਨ ਲਈ ਕੀ ਵਿਵਸਥਾ ਕੀਤੀ ਗਈ ਹੈ? (10)

21. ਨਿਆਂਪਾਲਕਾ ਤੋਂ ਕੀ ਭਾਵ ਹੈ? ਨਿਆਂਪਾਲਕਾ ਦੀਆਂ ਸ਼ਕਤੀਆਂ ਦਾ ਵਰਨਣ ਕਰੋ।

ਜਾਂ

ਵਿਧਾਨ ਪਾਲਿਕਾ ਦੇ ਕੰਮਾਂ ਦਾ ਵਰਨਣ ਕਰੋ। (10)

Scanned by CamScanner

163976

# D.El.Ed. (First Year) Examination

## Session - 2016-18

## Subject - Contemporary Indian Society (102)

Time : 3 hours M.M. 70

### ਭਾਗ - (ੳ)

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

1. (ੳ) "ਆਜ਼ਾਦੀ ਮੇਰਾ ਜਨਮਸਿੱਧ ਅਧਿਕਾਰ ਹੈ, ਅਤੇ ਮੈਂ ਇਸ ਨੂੰ ਪ੍ਰਾਪਤ ਕਰਕੇ ਰਹਾਂਗਾ" । ਇਹ ਸ਼ਬਦ ਕਿਸਨੇ ਕਹੇ?

(ਅ) ਰਾਸ਼ਟਰੀ ਕਾਂਗਰਸ ਦੀ ਸਥਾਪਨਾ ਕਿਹੜੇ ਸਾਲ ਵਿੱਚ ਹੋਈ ਅਤੇ ਇਸ ਦੇ ਸੰਸਥਾਪਕ ਕੌਣ ਸਨ?

(ੲ) ਭਾਰਤ ਦੇ ਦੋ ਖੇਤਰੀ ਰਾਜਨੀਤਿਕ ਦਲਾਂ ਦੇ ਨਾਮ ਲਿਖੋ?

(ਸ) ਮੁਫ਼ਤ ਅਤੇ ਲਾਜ਼ਮੀ ਅਧਿਕਾਰ ਐਕਟ 2009 ਭਾਰਤੀ ਸੰਵਿਧਾਨ ਦੇ ਕਿਹੜੇ ਅਨੁਛੇਦ ਵਿੱਚ ਦਰਜ ਕੀਤਾ ਗਿਆ ਹੈ?

(ਹ) ਆਪਰੇਸ਼ਨ ਬਲੈਕ ਬੋਰਡ ਤੋਂ ਕੀ ਭਾਵ ਹੈ?

(ਕ) ਭਾਰਤ ਵਿੱਚ ਨਵੀਂ ਆਰਥਿਕ ਨੀਤੀ ਕਿਹੜੇ ਸਾਲ ਵਿੱਚ ਲਾਗੂ ਕੀਤੀ ਗਈ? (6×1=6)

### ਭਾਗ - (ਅ)

ਹੇਠ ਲਿਖਿਆਂ ਵਿੱਚੋਂ ਕਿਸੇ ਅੱਠ ਪ੍ਰਸ਼ਨਾਂ ਦੇ ਉੱਤਰ ਲਿਖੋ :-

2. (ੳ) ਜੱਲ੍ਹਿਆਂ ਵਾਲੇ ਬਾਗ ਦੀ ਘਟਨਾਂ ਤੇ ਸੰਖੇਪ ਨੋਟ ਲਿਖੋ ।

(ਅ) ਗਦਰ ਪਾਰਟੀ ਬਾਰੇ ਤੁਸੀਂ ਕੀ ਜਾਣਦੇ ਹੋ?

(ੲ) ਪ੍ਰਸਤਾਵਨਾ ਦਾ ਮੂਲ ਰੂਪ ਲਿਖੋ ।

(ਸ) ਸਾਂਝੇ ਗੁਆਂਢੀ ਸਕੂਲ ਸਥਾਪਿਤ ਕਰਨ ਪਿੱਛੇ ਕੀ ਉਦੇਸ਼ ਹੁੰਦਾ ਹੈ?

(ਹ) ਪੰਚਾਇਤੀ ਰਾਜ ਪ੍ਰਣਾਲੀ ਦਾ ਤਿੰਨ ਪੜ੍ਹਾਵੀ (Three Tier) ਢਾਂਚੇ ਤੋਂ ਕੀ ਭਾਵ ਹੈ?

(ਕ) ਬਾਲਗ ਮਤ ਅਧਿਕਾਰ ਤੋਂ ਕੀ ਭਾਵ ਹੈ ਅਤੇ ਇਸ ਦੀ ਮਹੱਤਤਾ ਤੇ ਚਾਣਨਾ ਪਾਓ?

(ਖ) ਪ੍ਰਵਾਸੀ ਮਜ਼ਦੂਰ ਕੌਣ ਹੁੰਦੇ ਹਨ? ਅਰਥ-ਵਿਵਸਥਾ ਵਿੱਚ ਇਹਨਾਂ ਦੀ ਭੂਮਿਕਾ ਬਾਰੇ ਸੰਖੇਪ ਚਰਚਾ ਕਰੋ ।

(ਗ) ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੁਤੰਤਰ ਭਾਰਤ ਬਾਰੇ ਦ੍ਰਿਸ਼ਟੀ ਤੇ ਨੋਟ ਲਿਖੋ ।

(ਘ) ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਕਬੀਲਿਆਂ ਦੀ ਸਿੱਖਿਆ ਲਈ ਕਿਹੜੇ-ਕਿਹੜੇ ਪ੍ਰਬੰਧ ਕੀਤੇ ਗਏ ਹਨ? (8×4=32)

Scanned by CamScanner

## ਭਾਗ - (ੲ)

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

3. 'ਭਾਰਤ ਪ੍ਰਭੂਸਤਾ ਸੰਪੰਨ ਸਮਾਜਵਾਦੀ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਹੈ'। ਚਰਚਾ ।

**ਜਾਂ**

ਬਸਤੀਵਾਦ ਤੋਂ ਕੀ ਭਾਵ ਹੈ? ਇਸਨੇ ਭਾਰਤ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਵਸਥਾ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ? ਵਿਆਖਿਆ ਕਰੋ । (10)

4. ਭਾਰਤ ਦੇ ਸੰਵਿਧਾਨ ਵਿੱਚ ਸਿੱਖਿਆ ਸੰਬੰਧੀ ਕਿਹੜੀਆਂ-ਕਿਹੜੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ? ਵਿਸਥਾਰ ਸਹਿਤ ਲਿਖੋ ।

**ਜਾਂ**

ਸਿੱਖਿਆ ਦੇ ਅਧਿਕਾਰ ਐਕਟ 2009 ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ । (10)

5. ਭਾਰਤੀ ਸੰਵਿਧਾਨ ਦੀ 73ਵੀਂ ਸੰਵਿਧਾਨਕ ਸੋਧ ਅਧੀਨ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਕੀ-ਕੀ ਪਰਿਵਰਤਨ ਕੀਤੇ ਗਏ ਹਨ? ਵਿਆਖਿਆ ਕਰੋ ।

**ਜਾਂ**

ਭਾਰਤ ਦੇ ਚੋਣ ਕਮਿਸ਼ਨ ਦੇ ਸੰਦਰਭ ਵਿੱਚ :-

(1) ਚੋਣ ਕਮਿਸ਼ਨ ਦੀ ਰਚਨਾ । (2)

(2) ਯੋਗਤਾਵਾਂ ਅਤੇ ਕਾਰਜਕਾਲ । (2)

(3) ਚੋਣ ਕਮਿਸ਼ਨ ਦੇ ਕਾਰਜ (6)

6. ਉਦਾਰੀਕਰਨ ਅਤੇ ਨਿੱਜੀਕਰਨ ਤੋਂ ਕੀ ਭਾਵ ਹੈ? ਭਾਰਤੀ ਉਦਯੋਗਿਕ ਵਿਵਸਥਾ ਵਿੱਚ ਉਦਾਰੀਕਰਨ ਅਤੇ ਨਿੱਜੀਕਰਨ ਦਾ ਕੀ ਸਥਾਨ ਹੈ?

**ਜਾਂ**

ਵਿਸ਼ਵੀਕਰਨ ਦੇ ਸੰਦਰਭ ਵਿੱਚ ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ :-

(ੳ) ਵਿਸ਼ਵੀਕਰਨ ਦੀ ਉਪਯੋਗਤਾ ਅਤੇ ਹਾਨੀਆਂ । (5)

(ਅ) ਵਿਸ਼ਵੀਕਰਨ ਦਾ ਭਾਰਤ ਉੱਪਰ ਅਸਰ । (5)

Scanned by CamScanner

# D.El.Ed. (First) Year Examination Session - 2015-17
## And Reappear First Year Session - 2014-16
## Paper - Contemporary Indian Society (102)

Time : 3 hours M.M. 75

### ਭਾਗ - (ੳ)

ਨੋਟ :- ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ :-

1. (ੳ) ਭਾਰਤ ਛੱਡੋ ਅੰਦੋਲਨ ਕਦੋਂ ਸ਼ੁਰੂ ਹੋਇਆ?
   (ਅ) ਭਾਰਤ ਦੇ ਸੰਵਿਧਾਨ ਨੂੰ ਕਦੋਂ ਪਾਸ ਅਤੇ ਕਦੋਂ ਲਾਗੂ ਕੀਤਾ ਗਿਆ?
   (ੲ) ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕਿਸਨੇ ਕੀਤੀ?
   (ਸ) ਸੰਵਿਧਾਨ ਦੀ ਕਿਹੜੀ ਸੋਧ ਰਾਹੀਂ ਵਿਦਿਆ ਨੂੰ ਸਾਂਝਾ ਵਿਸ਼ਾ ਬਣਾ ਦਿੱਤਾ ਗਿਆ?
   (ਹ) ਵਿਕੇਂਦਰੀਕਰਨ ਤੋਂ ਕੀ ਭਾਵ ਹੈ?
   (ਕ) ਚੋਣ ਆਯੋਗ ਦੇ ਕੋਈ ਦੋ ਕਾਰਜ ਲਿਖੋ ।
   (ਖ) ਨਿੱਜੀਕਰਨ ਤੋਂ ਕੀ ਭਾਵ ਹੈ?
   (ਗ) ਵਾਤਾਵਰਨ ਨੂੰ ਪ੍ਰਭਾਵਿਤ ਕਰਨ ਵਾਲੇ ਚਾਰ ਕਾਰਕਾਂ ਦੇ ਨਾਂ ਲਿਖੋ? (8×1=8 ਅੰਕ)

### ਭਾਗ - (ਅ)

ਨੋਟ :- ਕਿਸੇ 9 ਪ੍ਰਸ਼ਨਾਂ ਦੇ ਉੱਤਰ ਦਿਉ :-

1. (i) ਜੱਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਦਾ ਅਜ਼ਾਦੀ ਦੇ ਸੰਘਰਸ਼ ਉੱਤੇ ਕੀ ਪ੍ਰਭਾਵ ਪਿਆ?
   (ii) ਬਸਤੀਵਾਦ ਦੇ ਰਾਜਨੀਤਿਕ ਪ੍ਰਭਾਵਾਂ ਦਾ ਵਰਨਣ ਕਰੋ?
   (iii) ਗ਼ਦਰ ਪਾਰਟੀ ਬਾਰੇ ਤੁਸੀਂ ਕੀ ਜਾਣਦੇ ਹੋ?
   (iv) ਸਾਂਝਾ ਗਵਾਂਢੀ ਸਕੂਲ ਸਥਾਪਿਤ ਕਰਨ ਪਿੱਛੇ ਕੀ ਉਦੇਸ਼ ਹੁੰਦਾ ਹੈ?
   (v) ਭਾਰਤ ਵਿੱਚ ਇਸਤਰੀ ਸਿੱਖਿਆ ਦੇ ਪਸਾਰ ਉੱਤੇ ਨੋਟ ਲਿਖੋ?
   (vi) ਲੋਕ ਸਭਾ ਤੇ ਰਾਜ ਸਭਾ ਦੀ ਬਣਤਰ ਤੇ ਨੋਟ ਲਿਖੋ?
   (vii) ਦੇਸ਼ ਦੀ ਨਿਆਂ ਪਾਲਕਾ ਦੀ ਸੁਤੰਤਰਤਾ ਉੱਤੇ ਨੋਟ ਲਿਖੋ ।
   (viii) ਭਾਰਤ ਸਰਕਾਰ ਨੇ ਉਦਾਰੀਕਰਨ ਦੇ ਸੰਬੰਧ ਵਿੱਚ ਕੀ ਕਦਮ ਚੁੱਕੇ ਹਨ?
   (ix) ਵਾਤਾਵਰਨ ਪ੍ਰਤੀ ਜਨਤਕ ਚੇਤਨਾ ਪੈਦਾ ਕਰਨ ਲਈ ਸਿੱਖਿਆ ਦੇ ਯੋਗਦਾਨ ਦਾ ਸੰਖੇਪ ਵਰਨਣ ਕਰੋ?
   (x) ਪੰਚਾਇਤੀ ਰਾਜ ਦੀ ਮਹੱਤਤਾ ਤੇ ਨੋਟ ਲਿਖੋ? (9×3=27 ਅੰਕ)

### ਭਾਗ - (ੲ)

1. ਬਸਤੀਵਾਦ ਬਾਰੇ ਤੁਸੀਂ ਕੀ ਜਾਣਦੇ ਹੋ? ਬਸਤੀਵਾਦ ਦੇ ਵਿਰੁੱਧ ਭਾਰਤ ਵਿੱਚ ਚੱਲੇ ਲੰਬੇ ਸੰਘਰਸ਼ ਦੇ ਕੀ ਕਾਰਨ ਸਨ?

Scanned by CamScanner

ਜਾਂ

ਭਾਰਤ ਦੀ ਸੁਤੰਤਰਤਾ ਲਈ ਸੰਘਰਸ਼ਸ਼ੀਲ ਰਹੇ ਸੰਗਠਨਾਂ ਦੇ ਸੁਤੰਤਰ ਭਾਰਤ ਬਾਰੇ ਭਿੰਨ-ਭਿੰਨ ਦ੍ਰਿਸ਼ਟੀਕੋਣਾਂ ਦਾ ਵਰਨਣ ਕਰੋ? (10 ਅੰਕ)

2. ਮੌਲਿਕ ਅਧਿਕਾਰਾਂ ਦਾ ਕੀ ਅਰਥ ਹੈ? ਭਾਰਤੀ ਸੰਵਿਧਾਨ ਵਿੱਚ ਅੰਕਿਤ ਮੌਲਿਕ ਅਧਿਕਾਰਾਂ ਦਾ ਵਰਨਣ ਕਰੋ।

ਜਾਂ

ਸਿੱਖਿਆ ਦਾ ਅਧਿਕਾਰ ਐਕਟ 2009 ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰੋ? (10 ਅੰਕ)

3. ਲੋਕਤੰਤਰ ਤੋਂ ਕੀ ਭਾਵ ਹੈ? ਇਸਦੇ ਗੁਣ ਅਤੇ ਔਗਣਾਂ ਬਾਰੇ ਆਪਣੇ ਵਿਚਾਰ ਦਿਉ?

ਜਾਂ

ਰਾਜਨੀਤਿਕ ਦਲ ਤੋਂ ਕੀ ਭਾਵ ਹੈ? ਰਾਜਨੀਤਿਕ ਦਲਾਂ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ? (10 ਅੰਕ)

4. ਵਿਸ਼ਵੀਕਰਨ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਪੱਖ ਅਤੇ ਵਿਰੋਧ ਵਿੱਚ ਦਲੀਲਾਂ ਦਿਉ?

ਜਾਂ

ਆਰਥਿਕ ਵਿਕਾਸ ਦਾ ਵਾਤਾਵਰਨ ਨਾਲ ਕੀ ਵਾਸਤਾ ਹੈ? ਦਲੀਲਾਂ ਸਹਿਤ ਵਿਆਖਿਆ ਕਰੋ। (10 ਅੰਕ)

(1) ਬਸਤੀਵਾਦ ਤੋਂ ਕੀ ਭਾਵ ਹੈ? ਇਸਦੇ ਭਾਰਤੀ ਆਰਥਿਕਤਾ, ਸਮਾਜ ਅਤੇ ਰਾਜਨੀਤਿਕ ਪ੍ਰਭਾਵ ਲਿਖੋ।

(2) ਬਸਤੀਵਾਦ ਦੇ ਬਾਰੇ ਵਿਰੁੱਧ ਆਜ਼ਾਦੀ ਸੰਘਰਸ਼ ਬਾਰੇ ਜਾਣਕਾਰੀ ਲਿਖੋ।

(3) ਭਾਰਤੀ ਸੰਵਿਧਾਨ ਦੀ (ਆਜ਼ਾਦ ਭਾਰਤੀ ਸੰਵਿਧਾਨ) ਪ੍ਰਸਤਾਵਨਾ ਤੇ ਟਿੱਪਣੀ।

(4) ਪ੍ਰਵਾਸੀ ਮਜ਼ਦੂਰ ਕੌਣ ਹੁੰਦੇ ਹਨ? ਆਰਥਿਕ ਵਿਵਸਥਾ ਵਿੱਚ ਇਨ੍ਹਾਂ ਦੀ ਭਾਗੀਦਾਰੀ ਉੱਪਰ ਚਰਚਾ ਕਰੋ।

(5) ਭਗਤ ਸਿੰਘ, ਮਹਾਤਮਾ ਗਾਂਧੀ ਦੇ ਆਜ਼ਾਦ ਭਾਰਤ ਬਾਰੇ ਨਜ਼ਰੀਆ ਲਿਖੋ।

Scanned by CamScanner

# Diploma in Elementary Education (D.El.Ed.)

## Session - 2013-15 (First year)

## Subject - Education, Society, Curriculum and Learners (103)

Time : 3 hours M.M. 70

ਨੋਟ :- (1) ਪ੍ਰਸ਼ਨ-ਪੱਤਰ ਦੇ ਤਿੰਨ ਭਾਗ ਹਨ ।

(2) ਹਿਦਾਇਤਾਂ ਮੁਤਾਬਕ ਪ੍ਰਸ਼ਨ ਹੱਲ ਕੀਤੇ ਜਾਣ ।

### ਭਾਗ - (ੳ)

1. ਨਾਕਾਰਾਤਮਕ ਸਿੱਖਿਆ ਦੇ ਸਿਧਾਂਤ ਦੇ ਸਮਰਥਕ ਕਿਹੜੇ ਸਿੱਖਿਆ ਸ਼ਾਸਤਰੀ ਸਨ? (1)
2. ਮਨੁੱਖੀ ਸੁਭਾਅ ਦੀ ਕੋਈ ਇੱਕ ਬੁਨਿਆਦੀ ਪ੍ਰਵਿਰਤੀ ਦੱਸੋ । (1)
3. ਸਿੱਖਣ ਤੋਂ ਕੀ ਭਾਵ ਹੈ? (1)
4. ਗਿਆਨ ਦੀ ਪਰਿਭਾਸ਼ਾ ਦੇਵੋ । (1)
5. ਦਾਰਸ਼ਨਿਕ ਰੂਸੋ ਕਿਸ ਵਿਚਾਰ ਧਾਰਾ ਦੇ ਸਮਰਥਕ ਸਨ?
   (1) ਪ੍ਰਕ੍ਰਿਤਕਵਾਦੀ (2) ਅਨੁਭਵਾਦੀ (3) ਵਿਵਹਾਰ ਵਾਦੀ
   (4) ਉਪਰੋਕਤ ਵਿਚੋਂ ਕੋਈ ਨਹੀਂ । (1)
6. ਟੈਗੋਰ ਕਿਸ ਵਿਚਾਰਧਾਰਾ ਨਾਲ ਸਬੰਧਤ ਸਨ? (1)

(1+1+1+1+1+1=6)

### ਭਾਗ - (ਅ)

ਕੋਈ ਅੱਠ ਪ੍ਰਸ਼ਨ ਕਰੋ ।

7. ਰਾਸ਼ਟਰੀ ਸਿੱਖਿਆ ਨੀਤੀ 1986 ਵਿੱਚ ਪਾਠਕ੍ਰਮ ਦੀ ਉਸਾਰੀ ਲਈ ਕੀ ਸਿਫਾਰਸ਼ਾਂ ਕੀਤੀਆਂ ਗਈਆਂ ਹਨ? (3)
8. ਮਨੁੱਖੀ ਸੁਭਾਅ ਦੀ ਬੁਨਿਆਦੀ ਪ੍ਰਵਿਰਤੀ ਤੇ ਨੋਟ ਲਿਖੋ । (3)
9. ਸਿੱਖਣ ਦੀਆਂ ਵੱਖ-ਵੱਖ ਵਿਧੀਆਂ (different ways of learning) ਬਾਰੇ ਦੱਸੋ । (3)
10. ਅਧਿਆਪਣ ਅਤੇ ਸਿਖਣ ਵਿੱਚ ਸਬੰਧ ਸਥਾਪਤ ਕਰੋ । (3)
11. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਸਿੱਖਿਆ ਦੇ ਉਦੇਸ਼ ਕੀ ਹੋਣੇ ਚਾਹੀਦੇ ਹਨ? (3)
12. ਔਰਤਾਂ ਦੇ ਸਿੱਖਿਆ ਪੱਧਰ ਨੂੰ ਉੱਪਰ ਚੁੱਕਣ ਵਿੱਚ ਸਿੱਖਿਆ ਦਾ ਕੀ ਯੋਗਦਾਨ ਹੈ? (3)
13. ਪਾਠਕ੍ਰਮ ਤੋਂ ਕੀ ਭਾਵ ਹੈ? ਵਿਆਖਿਆ ਕਰੋ । (3)
14. ਸਿੱਖਿਆ ਵਿੱਚ ਰਾਜਨੀਤਕ ਦਖਲ ਅੰਦਾਜ਼ੀ ਤੇ ਨੋਟ ਲਿਖੋ । (3)
15. ਸੂਚਨਾ ਅਤੇ ਗਿਆਨ ਵਿੱਚ ਅੰਤਰ ਸਪਸ਼ਟ ਕਰੋ । (3)

(3+3+3+3+3+3+3+3=24)

Scanned by CamScanner

ਭਾਗ – (ਦ)

16. ਜਿੱਦੂ ਕ੍ਰਿਸ਼ਨਾਮੂਰਤੀ ਦਾ ਸਿੱਖਿਆ ਨਾਲ ਸਬੰਧਤ ਵੱਖ-ਵੱਖ ਤੱਥਾਂ ਵਿੱਚ ਕੀ ਯੋਗਦਾਨ [illegible]

ਜਾਂ

ਲਾਰਡ ਮੈਕਾਲੇ ਦਾ ਭਾਰਤੀ ਸਿੱਖਿਆ ਉੱਤੇ ਹੋਏ ਪ੍ਰਭਾਵ ਨੂੰ ਵਿਸਥਾਰ ਸਹਿਤ [illegible] । (10)

17. ਗਤੀਵਿਧੀਆਂ ਰਾਹੀਂ ਬਾਲਕ ਗਿਆਨ ਸੰਰਚਨਾ ਕਿਵੇਂ ਕਰਦੇ ਹਨ, ਵਿਆਖਿਆ ਕਰੋ ।

ਜਾਂ

ਰਾਸ਼ਟਰੀ ਸਿੱਖਿਆ ਨੀਤੀ ਵਿੱਚ ਪਾਠਕ੍ਰਮ ਦੀ ਉਸਾਰੀ ਲਈ ਕੀ ਸਿਫਾਰਸ਼ਾਂ ਕੀਤੀਆਂ ਗਈਆਂ ਹਨ? (10)

18. ਭਾਰਤੀ ਸਿੱਖਿਆ ਆਯੋਗ (1964-66) ਦੀਆਂ ਮੁੱਖ ਸਿਫਾਰਸ਼ਾਂ ਬਾਰੇ ਚਰਚਾ ਕਰੋ ।

ਜਾਂ

ਸਮਾਜ, ਜਾਤੀ, ਲਿੰਗ ਅਤੇ ਧਰਮ ਦੇ ਪੱਖ ਤੋਂ ਸਿੱਖਿਆ ਦੀ ਕੀ ਭੂਮਿਕਾ ਹੈ? (10)

19. ਬੱਚੇ ਦੇ ਸਮਾਜੀਕਰਣ ਦੀ ਪ੍ਰਕਿਰਿਆ ਵਿੱਚ ਪ੍ਰਭਾਵ ਪਾਉਣ ਵਾਲੇ ਕਾਰਕਾਂ ਦੀ ਵਿਆਖਿਆ ਕਰੋ ।

ਜਾਂ

ਸਿੱਖਿਆ ਦੇ ਖੇਤਰ ਵਿੱਚ ਕਿਹੜੀਆਂ-ਕਿਹੜੀਆਂ ਸਿੱਖਣ ਵਿਧੀਆਂ (Theories of Learning) ਪ੍ਰਚੱਲਤ ਹਨ? ਕਿਸੇ ਇੱਕ ਵਿਧੀ ਦੀ ਵਿਆਖਿਆ ਕਰੋ । (10)

Positive Thinking

ਕੁੱਲ ਅੰਕ (10+10+10+10=40)

Scanned by CamScanner

# Diploma in Elementary Education (D.El.Ed)
## Session 2014-16 (First Year)
ubject : Education, Society, Curriculum & Learner (103)

me : 3 hours M.M. 70

ਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(2) ਹਿਦਾਇਤਾਂ ਮੁਤਾਬਿਕ ਪ੍ਰਸ਼ਨ ਹੱਲ ਕੀਤੇ ਜਾਣ ।

### ਭਾਗ - (ੳ)

1. ਸਿੱਖਿਆ ਤੋਂ ਕੀ ਭਾਵ ਹੈ? (1)
2. ਜਾਨ ਡਿਊਈ ਕਿਸ ਦੇਸ਼ ਦੇ ਸਿੱਖਿਆ ਵਿਗਿਆਨੀ ਸਨ? (1)
3. ਮਨੁੱਖੀ ਸੁਭਾਅ ਬਾਰੇ ਆਰ. ਬੀ. ਕੈਟਲ ਦੀ ਪਰਿਭਾਸ਼ਾ ਦਿਉ । (1)
4. ਸਮਾਜ ਤੋਂ ਕੀ ਭਾਵ ਹੈ? (1)
5. ਅਧਿਆਪਕ ਦੇ ਕੋਈ ਦੋ ਗੁਣ ਲਿਖੋ? (1)
6. ਬਾਲ ਅਵਸਥਾ ਦੇ ਨਿਰਮਾਣ ਬਾਰੇ ਸੰਖੇਪ ਨੋਟ ਲਿਖੋ । (1)

(1+1+1+1+1+1=6)

### ਭਾਗ – (ਅ)

ਨੋਟ :- ਕੋਈ ਅੱਠ ਪ੍ਰਸ਼ਨ ਕਰੋ ।

7. ਮਨੁੱਖੀ ਸਮਾਜ ਵਿਚੋਂ ਸਿੱਖਿਆ ਦੀ ਕੀ ਲੋੜ ਹੈ? (3)
8. ਸਿੱਖਿਆ ਅਤੇ ਸਭੂਲਿੰਗ ਦਾ ਆਪਸ ਵਿੱਚ ਕੀ ਸੰਬੰਧ ਹੈ । ਸਪੱਸ਼ਟ ਕਰੋ । (3)
9. ਗਿਆਨ ਅਤੇ ਸ਼ਕਤੀ ਤੋਂ ਤੁਹਾਡਾ ਕੀ ਭਾਵ ਹੈ? (3)
10. ਗਿਆਨ ਦੇ ਢਾਂਚੇ ਤੋਂ ਤੁਹਾਡਾ ਕੀ ਭਾਵ ਹੈ? (3)
11. ਅਨੁਭਵਾਂ ਰਾਹੀਂ ਬਾਲਕ ਸਿੱਖਿਆ ਵਿਗਿਆਨ ਦੀ ਪ੍ਰਾਪਤੀ ਕਿਵੇਂ ਕਰਦੇ ਹਨ? ਆਪਣੇ ਵਿਚਾਰਾਂ ਰਾਹੀਂ ਸਪੱਸ਼ਟ ਕਰੋ । (3)
12. ਸੰਦਰਭ ਵਿੱਚ ਵਿਭਿੰਨਤਾ ਬਾਰੇ ਜਾਣਕਾਰੀ ਦਿਉ । (3)
13. ਸਿੱਖਿਆ ਉੱਪਰ ਸਮਾਜੀ ਬਦਲ ਦੇ ਪ੍ਰਭਾਵਾਂ ਦਾ ਵਰਨਣ ਕਰੋ । (3)
14. ਗਿਆਨ ਅਤੇ ਧੁਨਰਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ । (3)
15. ਅਧਿਆਪਨ ਤੋਂ ਕੀ ਭਾਵ ਹੈ? ਅਧਿਆਪਕ ਨੂੰ ਪਰਿਭਾਸ਼ਿਤ ਕਰੋ । (3)

(3+3+3+3+3+3+3+3=24)

Scanned by CamScanner

## ਭਾਗ - (ਬ)

16. ਸਿੱਖਿਆ ਤੋਂ ਕੀ ਭਾਵ ਹੈ? ਮਨੁੱਖੀ ਸਮਾਜ ਵਿੱਚ ਸਿੱਖਿਆ ਦੀ ਕੀ ਲੋੜ ਹੈ।

ਜਾਂ

ਮਨੁੱਖੀ ਸਮਾਜ ਵਿੱਚ ਸਿੱਖਿਆ ਦੇ ਵੱਖ-2 ਕਾਰਜਾਂ ਤੇ ਚਾਨਣਾ ਪਾਉ।

17. ਭਾਰਤੀ ਵਿਦਵਾਨ ਰਵਿੰਦਰ ਨਾਥ ਟੈਗੋਰ ਦੇ ਸਿੱਖਿਆ ਸੰਬੰਧੀ ਵਿਚਾਰਾਂ ਤੇ ਚਾਨਣਾ ਪਾਉ।

ਜਾਂ (10)

ਸਮਾਜ ਤੋਂ ਕੀ ਭਾਵ ਹੈ? ਇਸਦੀ ਮਹੱਤਤਾ ਅਤੇ ਸਿੱਖਿਆ ਵਿੱਚ ਭੂਮਿਕਾ ਬਾਰੇ ਲਿਖੋ।

18. ਡੂੰਡੇ ਡਿਸਪੇਰ ਘੋਸ਼ਣਾ ਪੱਤਰ ਬਾਰੇ ਵਿਸਥਾਰਪੂਰਵਕ ਨੋਟ ਲਿਖੋ।

ਜਾਂ (10)

ਰਾਸ਼ਟਰੀ ਸਿੱਖਿਆ ਨੀਤੀ 1986 ਬਾਰੇ ਤੁਸੀਂ ਕੀ ਜਾਣਦੇ ਹੋ। ਆਪਣੇ ਵਿਚਾਰ ਲਿਖੋ।

19. ਅਧਿਆਪਕ ਦੇ ਗੁਣ ਕੀ ਹੋਣੇ ਚਾਹੀਦੇ ਹਨ। ਵਿਸਥਾਰ ਸਹਿਤ ਲਿਖੋ।

ਜਾਂ (10)

ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਸੰਦਰਭ ਵਿੱਚ ਸਥਿਰ ਵਿਦਿਆਰਥੀ ਦਾ ਵਰਣਨ ਕਰੋ।

(10+10+10+10=40)

Scanned by CamScanner

# D.El.Ed. (First Year) Examination

## Session - 2016-18

## Subject - Education, Society, Curriculum and Learners

## (103)

Time : 3 hours | M.M. 70

ਭਾਗ - (ੳ)

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

1. (ੳ) ਸਿੱਖਿਆ ਤੋਂ ਕੀ ਭਾਵ ਹੈ?

   (ਅ) ਜਾਨ ਡਿਊਈ ਕੌਣ ਸਨ?

   (ੲ) ਅਧਿਆਪਕ ਕਿਸਨੂੰ ਆਖਦੇ ਹਨ?

   (ਸ) ਸਿੱਖਣ ਦਾ ਕੀ ਅਰਥ ਹੈ?

   (ਹ) ਆਪਸੀ ਸੂਝ-ਬੂਝ ਤੋਂ ਕੀ ਭਾਵ ਹੈ?

   (ਕ) ਪਾਠਕ੍ਰਮ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ । (6×1=6)

2. (ੳ) ਸਿੱਖਿਆ ਅਤੇ ਸਕੂਲਿੰਗ ਦਾ ਅਧਿਐਨ ਵਿੱਚ ਕੀ ਸੰਬੰਧ ਹੈ?

   (ਅ) ਗਾਂਧੀ ਜੀ ਦੇ ਸਿੱਖਿਆ ਸੰਬੰਧੀ ਵਿਚਾਰਾਂ ਨੂੰ ਸੰਖੇਪ ਵਿੱਚ ਲਿਖੋ ।

   (ੲ) ਸਮਾਜ ਜਾਂ ਬਰਾਦਰੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਲਿਖੋ ।

   (ਸ) ਭਾਰਤੀ ਸਿੱਖਿਆ ਆਯੋਗ 1882 ਦੀਆਂ ਨਾਰੀ ਸਿੱਖਿਆ ਸੰਬੰਧੀ ਕੋਸ਼ਿਸ਼ਾਂ ਬਾਰੇ ਚਾਨਣਾ ਪਾਓ ।

   (ਹ) ਸੰਦਰਭ ਵਿੱਚ ਸਿੱਖਿਆਰਥੀ ਬਾਰੇ ਜਾਣਕਾਰੀ ਦਿਓ ।

   (ਕ) ਗਤੀਵਿਧੀਆਂ ਰਾਹੀਂ ਬਾਲਕ ਗਿਆਨ ਸਰੰਚਨਾ ਕਿਵੇਂ ਕਰਦੇ ਹਨ?

   (ਖ) ਗਿਆਨ ਦੀਆਂ ਵੱਖ-ਵੱਖ ਕਿਸਮਾਂ ਦੀ ਜਾਣਕਾਰੀ ਦਿਓ ।

   (ਗ) ਮਨੁੱਖੀ ਸਮਾਜ ਵਿੱਚ ਸਿੱਖਿਆ ਦੀ ਜ਼ਰੂਰਤ ਉੱਪਰ ਆਪਣੇ ਵਿਚਾਰ ਪ੍ਰਗਟ ਕਰੋ ।

   (ਘ) ਅਧਿਆਪਕ ਦੇ ਕੀ ਗੁਣ ਹੋਣੇ ਚਾਹੀਦੇ ਹਨ? (8×3=24)

ਭਾਗ - (ਬ)

3. ਪੱਛਮੀ ਵਿਦਵਾਨ ਮਾਰੀਆ ਮੋਂਟੇਸਰੀ ਦੇ ਸਿੱਖਿਆ ਸੰਬੰਧੀ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

Scanned by CamScanner

ਜਾਂ

ਸਮਾਜ ਤੋਂ ਕੀ ਭਾਵ ਹੈ? ਇਸਦੀ ਸੱਭਿਅਤਾ ਅਤੇ ਸਿੱਖਿਆ ਵਿੱਚ ਭੂਮਿਕਾ ਬਾਰੇ ਲਿਖੋ। (10)

4. ਰਾਸ਼ਟਰੀ ਸਿੱਖਿਆ ਨੀਤੀ 1986 ਬਾਰੇ ਤੁਸੀਂ ਕੀ ਜਾਣਦੇ ਹੋ? ਆਪਣੇ ਵਿਚਾਰ ਪ੍ਰਗਟ ਕਰੋ।

ਜਾਂ

ਜਮਾਤ, ਜਾਤ, ਲਿੰਗ ਅਤੇ ਧਰਮ ਦੇ ਪੱਖ ਤੋਂ ਸਿੱਖਿਆ ਦੀ ਕੀ ਭੂਮਿਕਾ ਹੈ? (10)

5. ਅਧਿਆਪਨ ਦਾ [illegible] ਸਿੱਖਿਆਰਥੀ ਨਾਲ ਕੀ ਸੰਬੰਧ ਹੈ? ਵਿਸਤਾਰ ਸਹਿਤ ਲਿਖੋ।

ਜਾਂ

ਸਿੱਖਿਆ ਅਤੇ ਸਿੱਖਿਆਰਥੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵਿਸਥਾਰ ਸਹਿਤ ਵਰਣਨ ਕਰੋ। (10)

6. ਅਨੁਭਵਾਂ ਰਾਹੀਂ ਬਾਲਕ ਗਿਆਨ ਦੀ ਪ੍ਰਾਪਤੀ ਕਿਵੇਂ ਕਰਦੇ ਹਨ? ਆਪਣੇ ਵਿਚਾਰ ਪ੍ਰਗਟ ਕਰੋ।

ਜਾਂ

ਪਾਠਕ੍ਰਮ ਦੀ ਉਸਾਰੀ ਕਾਰਜ ਲਈ ਸੈਕੰਡਰੀ ਸਿੱਖਿਆ ਆਯੋਗ ਦੀਆਂ ਸਿਫ਼ਾਰਸ਼ਾਂ ਦਾ ਵਰਣਨ ਕਰੋ। (10)

Scanned by CamScanner

# B.Ed. (First) Year Examination Session - 2015-17
## And Reappear First Year Session - 2014-16
## Paper - Education, Society, Curriculum and Learners (103)

Time : 3 hours M.M. 70

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

ਭਾਗ - (ੳ)

1. (ੳ) ਸਿੱਖਣ ਪ੍ਰਕ੍ਰਿਆ ਨੂੰ ਵਾਤਾਵਰਨ ਪ੍ਰਭਾਵਤ ਕਰਦਾ ਹੈ (ਸਹੀ / ਗਲਤ)

(ਅ) ਸਿੱਖਿਆ ਦੇ ਖੇਤਰ ਹਨ ।

(1) ਬੌਧਿਕ (2) ਭਾਵਆਤਮਕ (3) ਮਨੋਸਰੀਰਕ (4) ਉਪਰੋਕਤ ਸਾਰੇ।

(ੲ) ਮਨੁੱਖ ਨੂੰ ਸਿੱਖਿਆ ਦੀ ਲੋੜ ਕਿਉਂ ਹੈ?

(ਸ) ਸੂਚਨਾ (Information) ਅਤੇ ਗਿਆਨ (Knowledge) ਵਿੱਚ ਇਕ ਅੰਤਰ ਸਪੱਸ਼ਟ ਕਰੋ ।

(ਹ) ਰੂਸੋ ਕਿਸ ਵਿਚਾਰਧਾਰਾ ਦੇ ਸਮਰਥਕ ਸਨ?

(1) ਪ੍ਰਕ੍ਰਿਤਵਾਦੀ (2) ਅਨੁਭਵਵਾਦੀ (3) ਬੁੱਧੀਵਾਦੀ

(4) ਇਹਨਾਂ ਵਿਚੋਂ ਕੋਈ ਨਹੀਂ

(ਕ) ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਪ੍ਰਚਲਿਤ ਕੇਂਦਰੀ ਪ੍ਰੀਖਿਆ ਸਿਸਟਮ (Centralized examination system) ਕਿਸ ਸਿੱਖਿਆ ਪੱਧਤੀ ਦੀ ਦੇਣ ਹੈ?

(1) ਬ੍ਰਾਹਮਣੀ ਸਿੱਖਿਆ (2) ਬੋਧੀ ਸਿੱਖਿਆ

(3) ਬਸਤੀਵਾਦੀ ਸਿੱਖਿਆ ਪ੍ਰਣਾਲੀ (4) ਇਹਨਾਂ ਵਿਚੋਂ ਕੋਈ ਨਹੀਂ

(1+1+1+1+1+1=6 ਅੰਕ)

ਭਾਗ - (ਅ)

2. ਕੋਈ 8 ਪ੍ਰਸ਼ਨ ਕਰੋ :

(ੳ) ਸਿੱਖਿਆ ਤੋਂ ਕੀ ਭਾਵ ਹੈ? ਇਸਦੀ ਪ੍ਰਕਿਰਤੀ ਤੇ ਚਾਨਣਾ ਪਾਓ?

(ਅ) ਸਿੱਖਿਆ (Education) ਅਤੇ ਸਕੂਲੀਕਰਨ (Schooling) ਦੇ ਆਪਸੀ ਸੰਬੰਧ ਪ੍ਰਗਟ ਕਰੋ?

(ੲ) ਸਿੱਖਿਆ ਇਕ ਪ੍ਰਕ੍ਰਿਆ (Process) ਹੈ, ਇਸ ਕਥਨ ਦੀ ਵਿਆਖਿਆ ਕਰੋ?

(ਸ) ਗਿਆਨ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਕਿਸਮਾਂ ਦੱਸੋ?

(ਹ) ਸਿੱਖਿਆ ਬੱਚੇ ਨੂੰ ਸਮਾਜਿਕ ਪਹਿਚਾਣ ਦਿੰਦੀ ਹੈ, ਇਸ ਦੀ ਵਿਆਖਿਆ ਕਰੋ ।

(ਕ) ਸੂਚਨਾ ਅਤੇ ਗਿਆਨ ਵਿੱਚ ਕੋਈ ਤਿੰਨ ਅੰਤਰ ਦੱਸੋ?

(ਖ) ਸਿੱਖਿਆ ਇੱਕ ਤਾਕਤ ਹੈ? ਇਸ ਕਥਨ ਦੀ ਪੁਸ਼ਟੀ ਕਰੋ ।

Scanned by CamScanner

(ਗ) ਸਿੱਖਿਆ ਉਪਰ ਸਰਕਾਰੀ ਨਿਯੰਤਰਣ ਨੂੰ ਕਿਥੋਂ ਤੱਕ ਜਾਇਜ਼ ਮੰਨਦੇ ਹੋ?

(ਘ) ਗੁਰੂ ਨਾਨਕ ਦੇਵ ਜੀ ਦੇ ਸਿੱਖਿਆ ਦਰਸ਼ਨ ਵਿੱਚ ਅਧਿਆਪਕ ਦਾ ਕੀ ਸਥਾਨ ਹੈ?

(3+3+3+3+3+3+3+3=24 ਅੰਕ)

ਭਾਗ - (ਬ)

3. ਰੂਸੋ ਦੀ ਸਿੱਖਿਆ ਵਿਚਾਰਧਾਰਾ ਅਨੁਸਾਰ ਬੱਚੇ ਦੇ ਵਿਕਾਸ ਵਿੱਚ ਕਿਹੋ ਜਿਹਾ ਪਾਠਕ੍ਰਮ ਅਤੇ ਪੜ੍ਹਾਉਣ ਵਿਧੀਆਂ ਜ਼ਰੂਰੀ ਹਨ? ਵਿਆਖਿਆ ਕਰੋ?

ਜਾਂ

ਭਾਰਤੀ ਸਮਾਜ ਲਈ ਸਿੱਖਿਆ ਦੇ ਕਿਹੜੇ-ਕਿਹੜੇ ਉਦੇਸ਼ ਜ਼ਰੂਰੀ ਹਨ? ਵਿਆਖਿਆ ਕਰੋ। (10 ਅੰਕ)

4. ਬਸਤੀਵਾਦ (Colonial Period) ਦੌਰਾਨ ਭਾਰਤ ਵਿਖੇ ਸਿੱਖਿਆ ਦੇ ਮਹੱਤਵਪੂਰਨ ਪਹਿਲੂਆਂ ਉਪਰ ਚਾਨਣਾ ਪਾਓ।

ਜਾਂ

ਸਮਾਜ ਦੇ ਅੰਦਰ ਅਧਿਆਪਕ ਦੇ ਸਥਾਨ ਉਪਰ ਅਲੋਚਨਾਤਮਕ ਪ੍ਰਤੀਕਿਰਿਆ (Critical Appraisal) ਦਿਓ। (10 ਅੰਕ)

5. ਸਿੱਖਣ ਦੀਆਂ ਕਿਹੜੀਆਂ ਵਿਧੀਆਂ ਪ੍ਰਚਲਿਤ ਹਨ? ਕਿਸੇ ਇੱਕ ਦੀ ਵਿਆਖਿਆ ਕਰੋ।

ਜਾਂ

ਬੱਚੇ ਆਪਣੇ ਗਿਆਨ ਦਾ ਨਿਰਮਾਣ ਖੁਦ ਕਰਦੇ ਹਨ। ਮਨੋਵਿਗਿਆਨੀ ਜੀਨ-ਪਿਆਜੇ ਦੀ ਵਿਚਾਰਧਾਰਾ ਅਨੁਸਾਰ ਗਿਆਨ ਦੇ ਨਿਰਮਾਣ ਦੇ ਕਿਹੜੇ ਪੜਾਅ ਹਨ, ਉਹਨਾ ਦੀ ਵਿਆਖਿਆ ਕਰੋ? (10 ਅੰਕ)

6. ਸਾਡੇ ਦੇਸ਼ ਅੰਦਰ ਸਿੱਖਿਆ ਪਾਠਕ੍ਰਮ ਦੀ ਚੋਣ ਅਤੇ ਨਿਰਮਾਣ ਕਰਨ ਦੀ ਪ੍ਰਕਿਰਿਆ ਉਪਰ ਚਾਨਣਾ ਪਾਓ।

ਜਾਂ

ਸਿੱਖਣ ਪ੍ਰਕਿਰਿਆ ਬੱਚੇ ਦਾ ਸਮਾਜੀਕਰਨ ਕਰਦੇ ਹੋਏ ਉਸਦੇ ਸਮਾਜਿਕ ਰੁਤਬੇ ਦਾ ਨਿਰਮਾਣ ਕਿਵੇਂ ਕਰਦੀ ਹੈ? (10 ਅੰਕ)

Scanned by CamScanner

# Diploma in Elementary Education (D.El.Ed.)
## Session - 2013-15 (First year)
## Subject - Pedagogy across the Curriculum (104)

Time : 2 hours | M.M. 35

ਨੋਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(2) ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ ।

### ਭਾਗ – (ੳ)

1. (i) ਪੇਸ਼ਾ (profession) ਸ਼ਬਦ ਤੋਂ ਕੀ ਭਾਵ ਹੈ? (1)

(ii) ਵਿਕਤੀਗਤ ਕਾਰਜ ਕਿਹੜੇ ਹੁੰਦੇ ਹਨ? (1)

(iii) ਪਾਠ ਦਾ ਅਧਿਆਪਨ ਕਿੰਨੇ ਪੜਾਵਾਂ ਵਿੱਚ ਕੀਤਾ ਜਾਂਦਾ ਹੈ? (1)

(iv) ਵਿਦਿਆਰਥੀ ਨੂੰ ਪ੍ਰੇਰਿਤ ਕਰਨ ਦੀਆਂ ਦੋ ਤਕਨੀਕਾਂ ਦੇ ਨਾਮ ਲਿਖੋ । (1)

(1+1+1+1=4)

### ਭਾਗ – (ਅ)

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ ।

(i) ਪੁਸਤਕਾਲਾ ਸਕੂਲ ਦੀ ਜਿੰਦ-ਜਾਨ ਹੈ । ਇਸਦੀ ਵਰਤੋਂ ਅਤੇ ਸਾਂਭ-ਸੰਭਾਲ ਕਿਵੇਂ ਕਰਨੀ ਚਾਹੀਦੀ ਹੈ? (2)

(ii) ਮੌਜੂਦਾ ਸਮੇਂ ਵਿੱਚ ਸਕੂਲ ਸੰਸਥਾਵਾਂ ਵਿੱਚ ਅਨੁਸ਼ਾਸਨ ਦੇ ਕੀ ਹਾਲਾਤ ਹਨ । (2)

(iii) ਸਾਧਨ ਕਮਰੇ (Resource room) ਨੂੰ ਸਿੱਖਣ ਸਹਾਇਕ ਸਮੱਗਰੀ ਵਜੋਂ ਕਿਵੇਂ ਵਰਤਿਆ ਜਾ ਸਕਦਾ ਹੈ? ਸੁਝਾਅ ਦਿਉ । (2)

(iv) Formative Assessment ਅਤੇ Summative Assessment ਵਿੱਚ ਅੰਤਰ ਦੱਸੋ। (2)

(v) ਈ-ਮੇਲ ਦੇ ਕੋਈ ਦੋ ਲਾਭ ਦੱਸੋ । (2)

(2+2+2+2+2=10)

### ਭਾਗ – (ੲ)

3. (i) ਵਿਸ਼ੇਸ਼ ਬਾਲਕ ਕੌਣ ਹੁੰਦੇ ਹਨ? ਉਨ੍ਹਾਂ ਲਈ ਵਿਸ਼ੇਸ਼ ਜਮਾਤ ਯੋਜਨਾਵਾਂ ਉੱਪਰ ਵਿਸਥਾਰ ਪੂਰਵਕ ਵਰਣਨ ਕਰੋ ।

ਜਾਂ

ਜਮਾਤ ਦੇ ਅੰਦਰ ਦਾ ਵਾਤਾਵਰਨ ਕਿਹੋ ਜਿਹਾ ਹੋਣਾ ਚਾਹੀਦਾ ਹੈ? ਸਿੱਖਣ ਵਿੱਚ ਇਸਦੀ ਕੀ ਮਹੱਤਤਾ ਹੈ । (7)

(ii) ਵਾਰਸ਼ਿਕ ਯੋਜਨਾ ਅਤੇ ਇਕਾਈ ਯੋਜਨਾ ਵਿੱਚ ਅੰਤਰ ਦੱਸਦੇ ਹੋਏ ਵਾਰਸ਼ਿਕ ਯੋਜਨਾ ਦੀ ਅਧਿਆਪਨ ਵਿੱਚ ਮਹੱਤਤਾ ਉੱਤੇ ਚਾਨਣਾ ਪਾਉ ।

ਜਾਂ

[illegible] ਅਧਿਆਪਨ [illegible] ਵਿਧੀਆਂ ਦੀ [illegible] ਵਿਧੀਆਂ [illegible] । (7)

(iii) ਕਿਸੇ ਪੰਜ ਕਿਸਮ ਦੀਆਂ ਸਿੱਖਿਆਤਮਕ ਫਿਲਮਾਂ ਬਾਰੇ ਵਰਣਨ ਕਰੋ । ਇਹਨਾਂ ... ies (
ਦੀਆਂ ਕੋਈ ਦੋ ਕਮੀਆਂ ਵੀ ਦੱਸੋ । M

ਜਾਂ

ICT ਦਾ ਪੂਰਾ ਨਾਮ ਕੀ ਹੈ? ਇੱਕ ਅਧਿਆਪਕ ICT ਅਧਾਰਤ ਸਿੱਖਿਆ ਵਿੱਚ ਕੀ ਭੂਮਿਕਾ ਨਿਭਾ ਸਕਦਾ ਹੈ?

(7+7+7=21)

1) ਗਿਆਨ ਦੀ ਪ੍ਰਾਪਤੀ
2) ਸਹੀ ਸਿੱਖਿਆ ਦੀ ਸਿਖਲਾਈ
3) ਸਮੂਹ ਦੀ ਪੜ੍ਹਾਈ ਵਿੱਚ ਸਹਾਇਤਾ
4) ਵਿਅਕਤੀਤਵ ਦਾ ਵਿਕਾਸ

Scanned by CamScanner

# Diploma in Elementary Education (D.El.Ed)
## Session 2014-16 (First Year)
## Subject : Pedagogy Across the Curriculum (104)

Time : 2 hours M.M. 35

### ਭਾਗ – (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ । ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ ।

(ੳ) ਸਾਧਣ ਕਮਰਾ ਕੀ ਹੁੰਦਾ ਹੈ?

(ਅ) ਸਿੱਖਣਯੋਗ ਤੋਂ ਕੀ ਭਾਵ ਹੈ?

(ੲ) 'ਪੇਸ਼ਾ' ਸ਼ਬਦ ਤੋਂ ਕੀ ਭਾਵ ਹੈ?

(ਸ) ਦ੍ਰਿਸ਼-ਸ੍ਰਵਣੀ ਸਾਧਨ ਕਿਹੜੇ ਹਨ? (1+1+1+1=4)

### ਭਾਗ – (ਅ)

2. ਹੇਠ ਲਿਖਿਆਂ ਵਿਚੋਂ ਕੋਈ 5 ਪ੍ਰਸ਼ਨਾਂ ਦੇ ਉੱਤਰ ਦਿਓ :-

(ੳ) ਸੂਚਨਾ ਪੱਤਰ ਬੋਰਡ ਦਾ ਕੀ ਮਹੱਤਵ ਹੈ?

(ਅ) ਚੰਗੇ ਪ੍ਰਸ਼ਨਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ?

(ੲ) ਸਾਕਾਰਾਤਮਕ ਆਂਕਲਣ ਦੀਆਂ ਕਿਸਮਾਂ ਦੱਸੋ?

(ਸ) ਇੱਕ ਚੰਗੇ ਸੰਦ ਦੀਆਂ ਵਿਸ਼ੇਸ਼ਤਾਵਾਂ ਕੀ ਹੁੰਦੀਆਂ ਹਨ?

(ਹ) ਈ-ਮੇਲ ਦੇ ਕੀ ਲਾਭ ਹਨ?

(ਕ) ਅਧਿਆਪਕ ਇੰਟਰਨੈੱਟ ਨੂੰ ਇਕ ਸਰੋਤ ਵਜੋਂ ਕਿਵੇਂ ਵਰਤ ਸਕਦੇ ਹਨ? (2+2+2+2+2=10)

### ਭਾਗ – (ੲ)

3. ਸਮ-ਸਤਰ ਸਹਿਯੋਗੀ ਸਿੱਖਣ ਤੋਂ ਕੀ ਭਾਵ ਹੈ? ਵਿਚਾਰ ਪ੍ਰਗਟ ਕਰੋ ।

ਜਾਂ

ਸਮਾਤ ਪੱਧਰ ਨਿਸ਼ਚਿਤ ਕਰਨ ਦੇ ਢੰਗ ਦੱਸੋ ।

4. ਸਾਡੀ ਵਰਤਮਾਨ ਪ੍ਰੀਖਿਆ ਪ੍ਰਣਾਲੀ ਦੇ ਦੋਸ਼ਾਂ ਤੇ ਚਾਨਣਾ ਪਾਉ ।

ਜਾਂ

ਅੰਤਰੀਵ ਮੁਲਾਂਕਣ (Internal Assessment) ਦੇ ਗੁਣ ਅਤੇ ਦੋਸ਼ਾਂ ਤੇ ਚਾਨਣਾ ਪਾਉ।

5. ਸਿੱਖਿਆਤਮਕ ਫਿਲਮਾਂ ਦੀਆਂ ਕਿਸਮਾਂ ਬਾਰੇ ਵਿਸਥਾਰਪੂਰਵਕ ਦੱਸੋ।

ਜਾਂ

ਦ੍ਰਿਸ਼-ਸ੍ਰਵਣੀ ਸਾਧਨਾਂ ਦਾ [illegible] ਦੇ ਪ੍ਰਭਾਵ ਦਾ ਆਲੋਚਨਾਤਮਕ ਅਧਿਐਨ ਬਾਰੇ ਜਾਣਕਾਰੀ



Scanned by CamScanner

# D.El.Ed. (First Year) Examination

## Session - 2016-18

## Subject - Pedagogy and ICT Across the Curriculum (104)

Time : 2 hours M.M. 35

### ਭਾਗ - (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ ।

(ੳ) ਸਕੂਲ 'ਇਮਾਰਤ ਇੱਕ ਸਿੱਖਣ ਸਾਧਨ ਵਜੋਂ" (BALA) ਵਰਤਣ ਤੋਂ ਕੀ ਭਾਵ ਹੈ?

(ਅ) ਦੇਖਣ-ਸੁਣਨ ਵਾਲੇ ਸਾਧਨ ਕੀ ਹੁੰਦੇ ਹਨ?

(ੲ) ਸਿੱਖਣ ਪ੍ਰੋਫਾਇਲ (Learning Profiles) ਦੇ ਅਰਥ ਸਪੱਸ਼ਟ ਕਰੋ ।

(ਸ) ਕੰਪਿਊਟਰ ਤੋਂ ਕੀ ਭਾਵ ਹੈ? ਇਸਦੇ ਭਾਗਾਂ ਦੇ ਨਾਮ ਦੱਸੋ । (4x1=4)

### ਭਾਗ - (ਅ)

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਦੇ ਉੱਤਰ ਦਿਉ ।

(ੳ) ਟੀਮ ਸਿੱਖਣ ਵਿਧੀ (Team Learning) ਦੇ ਕੀ ਲਾਭ ਹਨ?

(ਅ) ਇਕਾਈ ਯੋਜਨਾਂ ਦੇ ਨਿਰਮਾਣ ਕਰਨ ਲਈ ਕਿਹੜੇ-ਕਿਹੜੇ ਸਿਧਾਂਤ ਵਰਤੇ ਜਾਂਦੇ ਹਨ?

(ੲ) ਆਂਕਲਣ ਅਤੇ ਮੁਲਾਂਕਣ ਵਿੱਚ ਅੰਤਰ ਸਪੱਸ਼ਟ ਕਰੋ?

(ਸ) ਆਂਕਲਣ ਰੂਬਰਿਕਾਂ (Assessment Rubrics) ਦੀਆਂ ਕਿਸਮਾਂ ਦਾ ਵੇਰਵਾ ਦਿਉ।

(ਹ) ਸਕੂਲ ਵਿੱਚ ਲਾਇਬ੍ਰੇਰੀ ਦੀ ਸਿੱਖਣ ਸਾਧਨ ਦੇ ਤੌਰ ਤੇ ਸੁਯੋਗ ਵਰਤੋਂ ਲਈ ਸੁਝਾਅ ਦਿਉ।

(ਕ) ਈ-ਪੁਸਤਕਾਂ ਦੇ ਵਿਦਿਆਰਥੀਆਂ ਨੂੰ ਕੀ ਲਾਭ ਹਨ? (5x2=10)

### ਭਾਗ - (ੲ)

3. ਬਲੂਮ ਦੁਆਰਾ ਪ੍ਰਸਤੁਤ ਗਿਆਨਾਤਮਿਕ ਉਦੇਸ਼ਾਂ ਦੇ ਵਿਭਿੰਨ ਪੱਧਰਾਂ ਦਾ ਵੇਰਵਾ ਦਿਉ ।

ਜਾਂ

ਦੇਖਣ-ਸੁਣਨ ਸੰਸਾਧਨਾਂ ਦੀ ਚੋਣ ਲਈ ਕਿਹੜੇ ਸਿਧਾਂਤਾਂ ਦੀ ਵਰਤੋਂ ਕੀਤੀ ਜਾਂਦੀ ਹੈ? ਵਰਣਨ ਕਰੋ । (7)

4. ਪ੍ਰਸ਼ਨ ਪੱਤਰ ਦੀ ਰੂਪ-ਰੇਖਾ (Blue Print) ਤੋਂ ਕੀ ਭਾਵ ਹੈ, ਦ੍ਰਿਸ਼ਟਾਂਤ ਸਹਿਤ ਇਸਦੀ ਰੂਪ-ਰੇਖਾ ਦੇ ਪੱਖਾਂ ਦਾ ਵਰਨਣ ਕਰੋ ।



Scanned by CamScanner

ਜਾਂ

ਮੌਜੂਦਾ ਪ੍ਰੀਖਿਆ ਪ੍ਰਣਾਲੀ ਦੇ ਕੁਝ ਦੋਸ਼ ਦੱਸੋ ਅਤੇ ਉਹਨਾਂ ਨੂੰ ਸੁਧਾਰਨ ਦੇ ਉਪਾਅ ਦੱਸੋ। (7)

5. ਚਲੰਤ ਪੁਸਤਕਾਲਿਆਂ ਦੀ ਕਾਰਜ ਪ੍ਰਣਾਲੀ ਦਾ ਆਲੋਚਨਾਤਮਿਕ ਅਧਿਐਨ ਪੇਸ਼ ਕਰੋ।

ਜਾਂ

ਸਮਕਾਲੀਨ ਸਿੱਖਿਆ ਦੇ ਖੇਤਰ ਵਿੱਚ ਸੂਚਨਾ ਤੇ ਸੰਚਾਰ ਤਕਨੀਕੀ ਦੀ ਭੂਮਿਕਾ ਦਾ ਵਰਣਨ ਕਰੋ। (7)

Scanned by CamScanner

El.Ed. (First) Year Examination Session - 2015-17
And Reappear First Year Session - 2014-16
Paper - Pedagogy Across the Curriculum (104)

Time : 2 hours ICT M.M. 35

## ਭਾਗ - (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ ।
   (ੳ) ਸਕੂਲ ਦੀ ਇਮਾਰਤ ਨੂੰ ਸਿੱਖਣ ਸਾਧਨ ਵੱਜੋਂ ਕਿਵੇਂ ਵਰਤਿਆ ਜਾਂਦਾ ਹੈ?
   (ਅ) ਛੋਟੇ ਸਮੂਹ ਕਾਰਜ ਤੋਂ ਕੀ ਭਾਵ ਹੈ?
   (ੲ) ਜੋੜੇ ਕਾਰਜ ਦਾ ਅਰਥ ਸਪੱਸ਼ਟ ਕਰੋ?
   (ਸ) ਸੰਚਾਰ ਸਾਧਨਾਂ ਤੋਂ ਕੀ ਭਾਵ ਹੈ? (4×1=4 ਅੰਕ)

## ਭਾਗ - (ਅ)

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਦਿਉ ।
   (ੳ) ਇਕਾਈ ਯੋਜਨਾ ਤੋਂ ਕੀ ਭਾਵ ਹੈ? ਇਸਦੀ ਪਾਠਕ੍ਰਮ ਵਿੱਚ ਉਪਯੋਗਤਾ ਦੱਸੋ?
   (ਅ) ਬਹੁਪੱਧਰੀ ਜਮਾਤ ਅਧਿਆਪਨ ਵਿੱਚ ਅਧਿਆਪਕ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ?
   (ੲ) ਸਿੱਖਣ ਲਈ ਮੁਲਾਂਕਣ ਅਤੇ ਸਿੱਖਣ ਦੇ ਮੁਲਾਂਕਣ ਵਿੱਚ ਅੰਤਰ ਸਪੱਸ਼ਟ ਕਰੋ?
   (ਸ) ਪੋਰਟਫੋਲੀਓ ਆਂਕਲਨ ਵਿੱਚ ਕਿਵੇਂ ਸਹਾਈ ਹੁੰਦਾ ਹੈ?
   (ਹ) ਲਾਇਬ੍ਰੇਰੀ ਦੀ ਸਿੱਖਣ ਸਾਧਨ ਦੇ ਤੌਰ ਤੇ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ?
   (ਕ) ਸਿੱਖਿਅਕ ਫਿਲਮਾਂ ਦੀਆਂ ਸੀਮਾਵਾਂ ਦੱਸੋ? (5×2=10 ਅੰਕ)

## ਭਾਗ - (ੲ)

3. ਵਾਰਸ਼ਿਕ ਯੋਜਨਾ ਤੋਂ ਕੀ ਭਾਵ ਹੈ? ਪ੍ਰਭਾਵਸ਼ਾਲੀ ਅਧਿਆਪਨ ਲਈ ਵਾਰਸ਼ਿਕ ਯੋਜਨਾ ਕਿਵੇਂ ਸਹਾਈ ਸਿੱਧ ਹੁੰਦੀ ਹੈ?

ਜਾਂ

ਸਿੱਖਣ ਸੰਸਾਧਨਾਂ ਦੀ ਚੋਣ ਅਤੇ ਸਗੰਠਨ ਦੇ ਸਿਧਾਂਤਾਂ ਦਾ ਵਰਨਣ ਕਰੋ । (7 ਅੰਕ)

4. ਪ੍ਰਭਾਵਸ਼ਾਲੀ ਟੈਸਟਾਂ ਦਾ ਨਿਰਮਾਣ ਕਿਵੇਂ ਕੀਤਾ ਜਾਂਦਾ ਹੈ? ਕਿਸੇ ਇੱਕ ਟੈਸਟ ਦਾ ਵਿਸਥਾਰ ਦਿਉ।

ਜਾਂ

ਮੁਲਾਂਕਣ ਦੇ ਅਰਥ ਸਪੱਸ਼ਟ ਕਰਦੇ ਹੋਏ ਰਚਨਾਤਮਿਕ ਮੁਲਾਂਕਣ ਬਾਰੇ ਵਿਸਥਾਰ ਵਿੱਚ ਆਪਣੇ ਵਿਚਾਰ ਦਿਉ? (7 ਅੰਕ)

5. ਸਮਕਾਲੀਨ ਸਿੱਖਿਆ ਵਿੱਚ ਸੂਚਨਾ ਅਤੇ ਸੰਚਾਰ ਤਕਨੀਕ ਦੀ ਭੂਮਿਕਾ ਦਾ ਅਲੋਚਨਾਤਮਿਕ ਅਧਿਐਨ ਕਰੋ?

ਜਾਂ

ਅਧਿਆਪਕ ਦੇ ਪੇਸ਼ਾਵਰ ਵਿਕਾਸ ਵਿੱਚ ਸੂਚਨਾ ਅਤੇ ਸੰਚਾਰ ਤਕਨੀਕ ਦਾ ਕੀ ਯੋਗਦਾਨ ਹੈ? (7 ਅੰਕ)



Scanned by CamScanner

# Diploma in Elementary Education (D.El.Ed.)
## Session - 2013-15 (First year)
## Subject - Pedagogy of Environmental Studies (105)

Time : 3 hours | M.M. 70

ਨੋਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।
(2) ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ ।
(3) ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ ਪੱਤਰ ਦੇ ਕ੍ਰਮ ਅਤੇ ਦਿਸ਼ਾਨਿਰਦੇਸ਼ਾਂ-ਅਨੁਸਾਰ ਹੀ ਦਿੱਤੇ ਜਾਣ ।

### ਭਾਗ - (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰ ਪ੍ਰਸ਼ਨ ਇੱਕ ਅੰਕ ਦਾ ਹੈ ।

(i) NCF 2005 ਵਿੱਚ NCF ਦਾ ਕੀ ਅਰਥ ਹੈ?
(ੳ) ਨੈਸ਼ਨਲ ਕੌਂਸ਼ਲ ਫਰੇਮਵਰਕ (ਅ) ਨਿਊ ਕਰੀਕੁਲਮ ਫੈਸਿਲਟੀਜ਼
(ੲ) ਨੈਸ਼ਨਲ ਕਰੀਕੁਲਮ ਫਰੇਮਵਰਕ (ਸ) ਉਪਰੋਕਤ ਸਾਰੇ (1)

(ii) ਵਾਤਾਵਰਣ ਵਿੱਚ ਮਨੁੱਖ ਨੂੰ ਕਿਹੜੇ ਵਰਗ ਵਿੱਚ ਰੱਖਿਆ ਜਾ ਸਕਦਾ ਹੈ?
(ੳ) ਉਤਪਾਦਕ (ਅ) ਖਪਤਕਾਰ
(ੲ) ਨਿਖੇੜਕ (ਸ) ਉਪਰੋਕਤ ਸਾਰੇ (1)

(iii) ਪ੍ਰਾਇਮਰੀ ਪੱਧਰ ਤੇ ਵਾਤਾਵਰਣ ਸਿੱਖਿਆ ਕਿਉਂ ਜ਼ਰੂਰੀ ਹੈ?
(ੳ) ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ
(ਅ) ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ
(ੲ) ਬੱਚਿਆਂ ਨੂੰ ਵਿਗਿਆਨ ਅਤੇ ਸਮਾਜਿਕ ਵਿਗਿਆਨ ਦੀ ਮੁੱਢਲੀ ਜਾਣਕਾਰੀ ਦੇਣ ਲਈ।
(ਸ) ਉਪਰੋਕਤ ਸਾਰੇ । (1)

(iv) ਪਿਆਜੇ ਨੇ ਰਚਨਾਤਮਿਕਵਾਦ ਨੂੰ ਪਰਿਭਾਸ਼ਿਤ ਕਰਨ ਲਈ ਕਿੰਨੇ ਢੰਗ ਬਿਆਨ ਕੀਤੇ?
(ੳ) ਚਾਰ (ਅ) ਤਿੰਨ (ੲ) ਪੰਜ (ਸ) ਦੋ (1)

(v) ਪਰਿਸਥਿਤੀ ਪ੍ਰਣਾਲੀ ਵਾਤਾਵਰਣ ਦੀ ਕਿਹੜੀ ਇਕਾਈ ਹੈ?
(ੳ) ਸਵੈ-ਸਹਿਯੋਗ (ਅ) ਕਿਰਿਆਤਮਕ
(ੲ) ਰਚਨਾਤਮਕ (ਸ) ਉਪਰੋਕਤ ਸਾਰੇ (1)

(vi) CASE (Cognitive Acceleration through Science Education) ਦੀ ਧਾਰਨਾ ਕਿਸਨੇ ਦਿੱਤੀ ।
(ੳ) ਔਸਬੈੱਲ (ਅ) ਸਕਿਨਰ (ੲ) ਪਿਆਜੇ (ਸ) ਬਰੂਨਰ (1)

(1+1+1+1+1+1=6)

### ਭਾਗ - (ਅ)

2. ਕੋਈ ਅੱਠ ਪ੍ਰਸ਼ਨ ਕਰੋ ਅਤੇ ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿੱਚ ਦਿਉ ।

(i) ਪ੍ਰਾਇਮਰੀ ਪੱਧਰ ਤੇ ਵਾਤਾਵਰਨ ਸਿੱਖਿਆ ਦੇ ਪਾਠਕ੍ਰਮ ਦਾ ਘੇਰਾ ਕਿਸ ਪ੍ਰਕਾਰ ਦਾ ਹੁੰਦਾ ਹੈ। (3)
(ii) ਭੋਜਨਲੜੀ ਦਾ ਅਰਥ ਸਪੱਸ਼ਟ ਕਰੋ ਅਤੇ ਇਸ ਦੀ ਇੱਕ ਉਦਾਹਰਣ ਵੀ ਦੇਵੋ । (3)



Scanned by CamScanner

(iii) ਜਮਾਤ ਵਿੱਚ ਵਿਚਾਰਾਂ ਦੇ ਅਦਾਨ-ਪ੍ਰਦਾਨ ਨਾਲ ਅਧਿਆਪਕ ਬੱਚੇ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ? (3)

(iv) ਸੰਕਲਪ ਨਕਸ਼ੇ (Concept Map) ਦਾ ਅਰਥ ਸਪਸ਼ਟ ਕਰੋ ਅਤੇ ਇਸਦਾ ਇੱਕ ਉਦਾਹਰਣ ਵੀ ਦੇਵੋ । (3)

(v) ਥੀਮੈਟਿਕ ਵੈਬ ਚਾਰਟ (Thematic Web Chart) ਦਾ ਅਰਥ ਉਦਾਹਰਣ ਸਮੇਤ ਸਪੱਸ਼ਟ ਕਰੋ । (3)

(vi) ਘੁਮਾਉਦਾਰ ਪਾਠਕ੍ਰਮ (Spiral-Curriculum) ਦਾ ਅਰਥ ਸਪਸ਼ਟ ਕਰੋ । (3)

(vii) ਬੱਚੇ ਕਿਸ ਤਰ੍ਹਾਂ ਦੇ ਪ੍ਰਸ਼ਨ ਪੁੱਛਕੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਂਦੇ ਹਨ? (3)

(viii) ਰਚਨਾਕਾਰੀ ਮੁਲਾਂਕਣ ਦਾ ਅਰਥ ਸਪਸ਼ਟ ਕਰੋ । (3)

(ix) ਪੂਰਵ ਕਲਪਨਾਵਾਂ ਤੋਂ ਤੁਹਾਡਾ ਕੀ ਭਾਵ ਹੈ? ਪੂਰਵ ਕਲਪਨਾਵਾਂ ਸਬੰਧੀ ਕੀਤੀਆਂ ਗਈਆਂ ਖੋਜਾਂ ਤੇ ਨੋਟ ਲਿਖੋ । (3)

(3+3+3+3+3+3+3+3=24)

## ਭਾਗ – (ੲ)

3. (i) ਵਾਤਾਵਰਨ ਅਧਿਐਨ ਦੇ ਕਾਰਜ ਖੇਤਰ ਦਾ ਵਰਨਣ ਵਿਸਥਾਰ ਸਹਿਤ ਕਰੋ ।

ਜਾਂ

ਵਾਤਾਵਰਨ ਅਧਿਐਨ ਨੂੰ ਵਿਗਿਆਨ ਦੇ ਵਿਸ਼ੇ ਵਜੋਂ ਪੜ੍ਹਾਉਣ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ । (10)

(ii) ਪ੍ਰੋਜੈਕਟ ਵਿਧੀ ਕੀ ਹੈ? ਅਧਿਆਪਕ ਦਾ ਰੋਲ, ਸਫਲਤਾ ਦੀ ਕਸੌਟੀ ਲਈ ਮਾਪ ਦੰਡ, ਚਾਰ ਲਾਭ ਅਤੇ ਚਾਰ ਹਾਨੀਆਂ ਬਿਆਨ ਕਰੋ । 162

ਜਾਂ

ਵਾਤਾਵਰਣ ਸਿੱਖਿਆ ਵਿੱਚ ਵੱਖ-ਵੱਖ ਹੁਨਰਾਂ ਦੀ ਚਰਚਾ ਕਰੋ । (10)

(iii) ਜਾਂਚ-ਪੜਤਾਲ ਦੇ ਕਿਹੜੇ-ਕਿਹੜੇ ਢੰਗ ਹਨ? ਕਿਸੇ ਇੱਕ ਦਾ ਵਿਸਥਾਰ ਸਹਿਤ ਵਰਣਨ ਕਰੋ । 149

ਜਾਂ

ਇਕਾਈ ਯੋਜਨਾਬੰਦੀ ਤੋਂ ਕੀ ਭਾਵ ਹੈ? ਵਾਤਾਵਰਨ ਅਧਿਐਨ ਵਿੱਚ ਇਸਦੀ ਲੋੜ ਅਤੇ ਮਹੱਤਤਾ ਦਾ ਵਰਨਣ ਕਰੋ । 811 (10)

(iv) ਬੱਚਿਆਂ ਨੂੰ ਜਾਂਚ (Assess) ਕਰਨ ਦੇ ਅਜਿਹੇ ਕਿਹੜੇ-ਕਿਹੜੇ ਤਰੀਕੇ ਹਨ, ਜਿਹੜੇ ਉਹਨਾਂ ਵਿੱਚ ਹੋਰ ਸਿੱਖਣ ਲਈ ਸਹਾਈ ਹੁੰਦੇ ਹਨ? ਉਨ੍ਹਾਂ ਦੀ ਸੂਚੀ ਬਣਾਓ ਅਤੇ ਕਿਸੇ ਦੋ ਤਰੀਕਿਆਂ ਦੀ ਵਿਆਖਿਆ ਕਰੋ ।

ਜਾਂ

ਪ੍ਰਕ੍ਰਿਆ ਹੁਨਰ (Process Skill) ਤੋਂ ਕੀ ਭਾਵ ਹੈ? ਵਾਤਾਵਰਣ ਅਧਿਐਨ ਦੇ ਅਧਿਆਪਨ ਦੁਆਰਾ ਵਿਕਸਤ ਹੋ ਸਕਣ ਵਾਲੇ ਘੱਟੋ-ਘੱਟ ਛੇ ਪ੍ਰਕ੍ਰਿਆ ਹੁਨਰਾਂ ਬਾਰੇ ਉਦਾਹਰਨਾਂ ਸਹਿਤ ਲਿਖੋ। (10)

(10+10+10+10=40)



Scanned by CamScanner

# D.El.Ed. (First) Year Examination Session - 2015-17
# And Reappear First Year Session - 2014-16
# Paper - Pedagogy of Environmental Studies (105)

Time : 3 hours M.M. 70

ਨੋਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(2) ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ । ਭਾਗ - (ੳ) ਵਸਤੂਵਾਚਕ, ਭਾਗ - (ਅ) ਛੋਟੇ ਉੱਤਰਾਂ ਵਾਲੇ ਅਤੇ ਭਾਗ - (ੲ) ਨਿਬੰਧਾਤਮਿਕ ਪ੍ਰਸ਼ਨ ਨਾਲ ਸੰਬੰਧਿਤ ਹੈ ।

(3) ਪ੍ਰਸ਼ਨ ਹੱਲ ਕਰਦੇ ਸਮੇਂ ਪ੍ਰਸ਼ਨ ਨੰਬਰ ਪ੍ਰਸ਼ਨ ਪੱਤਰ ਵਾਲਾ ਹੀ ਲਿਖਿਆ ਜਾਵੇ ।

## ਭਾਗ - (ੳ)

(i) ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰ ਪ੍ਰਸ਼ਨ ਇੱਕ ਅੰਕ ਦਾ ਹੈ ।

1. ਸ਼ੇਰ ਨੂੰ ਹੇਠ ਲਿਖਿਆਂ ਵਿਚੋਂ ਕਿਹੜੇ ਵਰਗ ਵਿੱਚ ਰੱਖਿਆ ਜਾ ਸਕਦਾ ਹੈ?
   (ੳ) ਉਤਪਾਦਕ (ਅ) ਨਿਖੇੜਕ
   (ੲ) ਪਹਿਲੇ ਦਰਜੇ ਦਾ ਖਪਤਕਾਰ (ਸ) ਦੂਜੇ ਦਰਜੇ ਦਾ ਖਪਤਕਾਰ
2. ਪਾਰਕ, ਸ਼ਹਿਰ ਅਤੇ ਉਦਯੋਗ ਵਾਤਾਵਰਨ ਦੇ ਕਿਹੜੇ ਅੰਗ ਨਾਲ ਸੰਬੰਧਿਤ ਹਨ?
   (ੳ) ਕੁਦਰਤੀ ਭੌਤਿਕ ਵਾਤਾਵਰਨ (ਅ) ਸਮਾਜੀ ਸੱਭਿਆਚਾਰਕ ਵਾਤਾਵਰਨ
   (ੲ) ਮਨੁੱਖ ਨਿਰਮਿਤ ਭੌਤਿਕ ਵਾਤਾਵਰਨ (ਸ) ਜੈਵਿਕ ਵਾਤਾਵਰਨ
3. ਪਿਆਜ਼ੇ ਦੁਆਰਾ ਦਿੱਤੇ ਗਏ 'ਵਿਕਾਸ ਦੇ ਪੜਾਵਾਂ' ਅਨੁਸਾਰ 7-11 ਸਾਲ ਦੀ ਉਮਰ ਵਿੱਚ ਬੱਚਾ ਵਿਕਾਸ ਦੇ ਕਿਹੜੇ ਪੜਾਅ ਵਿੱਚ ਹੁੰਦਾ ਹੈ?
   (ੳ) ਸੰਵੇਦੀ-ਗਤੀਸ਼ੀਲ (Sensory Motor)
   (ਅ) ਪੂਰਵ-ਸੰਕ੍ਰਿਆਤਮਿਕ (Pre-operational)
   (ੲ) ਸੁਮੂਰਤ-ਸੰਕ੍ਰਿਆਤਮਿਕ (Concrete-operational)
   (ਸ) ਔਪਚਾਰਿਕ ਸੰਕ੍ਰਿਆਤਮਿਕ (Formal-operational)
4. ਵਾਇਗੋਤਸਕੀ ਵਲੋਂ ਹੇਠ ਲਿਖਿਆਂ ਵਿੱਚੋਂ ਕਿਹੜਾ 'ਸੰਕਲਪ' ਦਿੱਤਾ ਗਿਆ?
   (ੳ) ZPD (ਅ) ਸਕੈੱਫ਼ੋਲਡਿੰਗ
   (ੲ) ਘੁਮਾਉਦਾਰ ਪਾਠਕ੍ਰਮ (ਸ) ਉਪਰੋਕਤ ਵਿੱਚੋਂ ਕੋਈ ਨਹੀਂ
5. ਹੇਠ ਲਿਖਿਆਂ ਵਿੱਚੋਂ ਸਿੱਖਣ ਦੀ ਸਮੂਹਿਕ ਵਿਧੀ (Group-Learning) ਕਿਹੜੀ ਹੈ?
   (ੳ) ਸਹਿਯੋਗਾਤਮਿਕ ਸਿੱਖਣਾ (Collaborative learning)
   (ਅ) ਭਾਸ਼ਣ ਵਿਧੀ (Lecture Method)
   (ੲ) ਨਿਗਮਨੀ ਵਿਧੀ (Inductive Method)
   (ਸ) ਉਪਰੋਕਤ ਵਿੱਚੋਂ ਕੋਈ ਨਹੀਂ (None of above)
6. ਮਾਨਵੀ-ਸ੍ਰੋਤਾਂ (Human Resources) ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਾਮਿਲ ਨਹੀਂ ਹੈ?
   (ੳ) ਅਧਿਆਪਕ (ਅ) ਵਿਦਿਆਰਥੀ (ੲ) ਕਲਾਕਾਰ (ਸ) ਸਮੁੰਦਰ (6)

## ਭਾਗ - (ਅ)

(ii) ਹੇਠਲੇ ਪ੍ਰਸ਼ਨਾਂ ਵਿਚੋਂ ਕਿਸੇ ਅੱਠ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ । ਹਰ ਪ੍ਰਸ਼ਨ ਤਿੰਨ ਅੰਕਾਂ ਦਾ ਹੈ ।

1. ਕੁਦਰਤੀ ਵਾਤਾਵਰਨ ਦੇ ਜੈਵਿਕ ਭਾਗ (Biotic Component) ਦਾ ਅਰਥ ਸਪੱਸ਼ਟ ਕਰਦੇ ਹੋਏ ਇਸ ਦੇ ਉਪ ਭਾਗਾਂ ਦਾ ਸੰਖੇਪ ਵਿੱਚ ਵਰਨਣ ਕਰੋ । (3)



Scanned by CamScanner

2. ਪਾਠਕ੍ਰਮ-ਸੰਗਠਨ (Curriculum-organisation) ਤੋਂ ਕੀ ਭਾਵ ਹੈ? NCF 2005 ਵਿੱਚ ਪ੍ਰਾਇਮਰੀ ਪੱਧਰ ਲਈ ਵਾਤਾਵਰਨ ਸਿੱਖਿਆ ਦੇ ਪਾਠਕ੍ਰਮ ਸੰਗਠਨ ਲਈ ਸੁਝਾਏ ਗਏ ਪ੍ਰਸੰਗਾਂ (Themes) ਦੀ ਸੂਚੀ ਬਣਾਉ। (3)

3. MKO (More Knowledgeable Other) ਦਾ ਅਰਥ ਸਪੱਸ਼ਟ ਕਰਦੇ ਹੋਏ 'ਸਿੱਖਣ' ਵਿੱਚ ਇਸਦੇ ਮਹੱਤਵ ਦਾ ਵਰਨਣ ਕਰੋ । (3)

4. 'Egocentrism' ਤੋਂ ਕੀ ਭਾਵ ਹੈ? ਇਕ ਉਦਾਹਰਨ ਦੀ ਸਹਾਇਤਾ ਨਾਲ ਆਪਣੇ ਉੱਤਰ ਨੂੰ ਸਪੱਸ਼ਟ ਕਰੋ। (3)

5. ਵਾਤਾਵਰਨ ਅਧਿਐਨ ਦੇ ਅਧਿਆਪਨ ਵਿੱਚ ਪ੍ਰੇਖਣ (Observation) ਦੇ ਮਹੱਤਵ ਦਾ ਵਰਨਣ ਕਰੋ । (3)

6. ਪ੍ਰਾਇਮਰੀ ਪੱਧਰ ਉਤੇ ਬੱਚਿਆਂ ਲਈ 'ਸਰਵੇ' ਦੇ ਟੌਪਿਕ (Topic) ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ? ਸੰਖੇਪ ਵਿੱਚ ਵਰਨਣ ਕਰੋ । (3)

7. ਪ੍ਰਾਇਮਰੀ ਪੱਧਰ ਦੇ ਬੱਚਿਆਂ ਲਈ ਪ੍ਰਯੋਗ ਦੀ ਚੋਣ ਕਰਕੇ ਸਮੇਂ ਧਿਆਨ ਵਿੱਚ ਰੱਖਣਯੋਗ ਘੱਟੋ-ਘੱਟ 6 ਨੁਕਤਿਆਂ ਦਾ ਵਰਨਣ ਕਰੋ । (3)

8. ਸਿੱਖਣ-ਸ੍ਰੋਤਾਂ (Learning Resources) ਦੀ ਸ਼੍ਰੇਣੀ ਵਿੱਚ ਵਰਤੋਂ ਕਰਦੇ ਸਮੇਂ ਧਿਆਨ ਵਿੱਚ ਰੱਖਣਯੋਗ ਘੱਟੋ-ਘੱਟ 6 ਨੁਕਤਿਆਂ ਦਾ ਵਰਨਣ ਕਰੋ । (3)

9. ਸੰਕਲਪ ਨਕਸ਼ੇ (Concept Map) ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੀ ਇੱਕ ਉਦਾਹਰਨ ਵੀ ਦਿਉ। (3)

## ਭਾਗ – (ੲ) (ਨਿਬੰਧਾਤਮਿਕ ਪ੍ਰਸ਼ਨ)

(iii) ਪ੍ਰਾਇਮਰੀ ਪੱਧਰ ਉੱਤੇ ਵਾਤਾਵਰਨ ਅਧਿਐਨ ਦੀ ਲੋੜ ਅਤੇ ਮਹੱਤਵ ਉੱਤੇ ਵਿਸਥਾਰ ਨਾਲ ਚਾਨਣਾ ਪਾਉ।

ਜਾਂ

ਪ੍ਰਾਇਮਰੀ ਪੱਧਰ ਉੱਤੇ ਵਾਤਾਵਰਨ ਸਿੱਖਿਆ ਦੇ ਕਾਰਜ ਖੇਤਰ (Scope) ਬਾਰੇ ਵਿਸਥਾਰ ਨਾਲ ਚਰਚਾ ਕਰੋ। (10)

(iv) ਬੱਚਿਆਂ ਦੀਆਂ ਪੂਰਵ ਧਾਰਨਾਵਾਂ ਦਾ ਅਰਥ ਸਪੱਸ਼ਟ ਕਰਦੇ ਹੋਏ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ ।

ਜਾਂ

ਅਸੁਬਲ (Ausubel) ਦੁਆਰਾ ਦਿੱਤੇ ਗਏ 'ਅਰਥ ਭਰਪੂਰ ਗ੍ਰਹਿਣ ਸਿੱਖਣ ਸਿਧਾਂਤ' (Meaningful Reception Learning Theory) ਦਾ ਉਦਾਹਰਨਾ ਸਹਿਤ ਵਰਨਣ ਕਰੋ । (10)

(v) ਵਾਤਾਵਰਨ ਅਧਿਐਨ ਦੇ ਅਧਿਆਪਨ ਵਿੱਚ ਖੇਤਰੀ ਯਾਤਰਾ ਨੂੰ ਪੜਤਾਲ ਦਾ ਸਾਧਨ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ? ਖੇਤਰੀ ਯਾਤਰਾ ਦੀ ਯੋਜਨਾਬੰਦੀ ਅਤੇ ਮਹੱਤਵ ਬਾਰੇ ਵਿਸਥਾਰ ਨਾਲ ਚਰਚਾ ਕਰੋ ।

ਜਾਂ

ਨਿਰਮਾਣਵਾਦੀ ਪਹੁੰਚ ਅਨੁਸਾਰ ਬੱਚਿਆਂ ਦਾ ਆਂਕਲਨ (Assessment) ਕਰਨ ਦੇ ਤਰੀਕਿਆਂ ਵਿੱਚੋਂ ਸਿਰਜਨਾਤਮਿਕ ਲਿਖਤ (Creative Writing) ਅਤੇ 'ਤਸਵੀਰ ਪੜ੍ਹਨ' (Picture-Reading) ਦਾ ਵਿਸਥਾਰ ਨਾਲ ਵਰਨਣ ਕਰੋ । ਇਸ ਵੀ ਦੱਸੋ ਕਿ ਇਨ੍ਹਾਂ ਦੁਆਰਾ ਬੱਚਿਆਂ ਦੇ ਕਿਹੜੇ-ਕਿਹੜੇ ਪ੍ਰਕ੍ਰਿਆ ਹੁਨਰਾਂ (Process-Skills) ਨੂੰ ਅਸੈੱਸ ਕੀਤਾ ਜਾ ਸਕਦਾ ਹੈ? (10)

(vi) ਇਕਾਈ ਯੋਜਨਾਬੰਦੀ (Unit-Planning) ਦੇ ਲਾਭਾਂ ਅਤੇ ਮਹੱਤਵ ਬਾਰੇ ਵਿਸਥਾਰ ਨਾਲ ਲਿਖੋ ।

ਜਾਂ

ਮਨੁੱਖ ਨਿਰਮਿਤ ਅੰਦਰੂਨੀ ਸ੍ਰੋਤਾਂ (Man made indoor-Resources) ਤੋਂ ਕੀ ਭਾਵ ਹੈ? ਇਨ੍ਹਾਂ ਦੀ ਸੂਚੀ ਬਣਾਉ ਅਤੇ ਕਿਸੇ ਦੋ ਸ੍ਰੋਤਾਂ ਦੀ ਵਾਤਾਵਰਨ ਅਧਿਐਨ ਦੇ ਅਧਿਆਪਨ ਵਿੱਚ ਵਰਤੋਂ ਬਾਰੇ ਵਿਸਥਾਰ ਨਾਲ ਲਿਖੋ । (10)



Scanned by CamScanner

# D.El.Ed. (First Year) Examination

## Session - 2016-18

## Subject - Pedagogy of E.V.S (105)

Time : 3 hours　　　　　　　　　　　　　　　　　　　　M.M. 70

ਨੋਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(2) ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ । ਭਾਗ (ੳ) ਵਸਤੂਵਾਚਕ, ਭਾਗ (ਅ) ਛੋਟੇ ਉਤਰਾਂ ਅਤੇ ਭਾਗ - (ੲ) ਨਿਬੰਧਾਤਮਿਕ ਪ੍ਰਸ਼ਨਾਂ ਨਾਲ ਸੰਬੰਧਿਤ ਹੈ ।

(3) ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ-ਪੱਤਰ ਦੇ ਕ੍ਰਮ ਅਨੁਸਾਰ ਹੀ ਦੇਣ ਦੀ ਕੋਸ਼ਿਸ਼ ਕਰੋ ।

(4) ਪ੍ਰਸ਼ਨ ਹੱਲ ਕਰਦੇ ਸਮੇਂ ਪ੍ਰਸ਼ਨ ਨੰਬਰ ਪ੍ਰਸ਼ਨ-ਪੱਤਰ ਵਾਲਾ ਹੀ ਲਿਖਿਆ ਜਾਵੇ ।

### ਭਾਗ – (ੳ)

I. ਸਾਰੇ ਪ੍ਰਸ਼ਨ ਜਰੂਰੀ ਹਨ । ਹਰ ਪ੍ਰਸ਼ਨ ਇੱਕ ਅੰਕ ਦਾ ਹੈ ।

1. ਹੇਠ ਲਿਖਿਆਂ ਵਿਚੋਂ ਕਿਹੜਾ ਵਾਤਾਵਰਨ ਦੇ ਅਜੈਵਿਕ ਭਾਗ (Abiotic Component) ਨਾਲ ਸੰਬੰਧਿਤ ਹੈ?
(ੳ) ਜੀਵ-ਜੰਤੂ (ਅ) ਹਵਾ, ਪਾਣੀ ਮਿੱਟੀ (ੲ) ਬੈਕਟੀਰੀਆ (ਸ) ਪੌਦੇ (1)

2. NCF-2005 ਅਨੁਸਾਰ ਪ੍ਰਾਇਮਰੀ ਪੱਧਰ ਦੇ ਵਾਤਾਵਰਨ ਅਧਿਐਨ ਦੇ ਪਾਠਕ੍ਰਮ ਦੇ ਸੰਗਠਨ ਲਈ ਕਿਹੜੀ ਪਹੁੰਚ (Approach) ਦੀ ਸਿਫ਼ਾਰਿਸ਼ ਕੀਤੀ ਗਈ ਹੈ?
(ੳ) ਬਾਲ ਕੇਂਦ੍ਰਿਤ　　(ਅ) ਪ੍ਰਸੰਗ ਆਧਾਰਿਤ (Theme based)
(ੲ) ਕ੍ਰਿਆ-ਕੇਂਦ੍ਰਿਤ　　(ਸ) ਉਪਰੋਕਤ ਸਾਰੇ (1)

3. 'ਸਿੱਖਣ' ਵਿੱਚ 'ਅਗਾਊਂ ਸੰਗਠਨ ਕਰਨਾ' (Advance Organiser) ਦਾ ਸੰਕਲਪ ਕਿਸ ਵਿਦਵਾਨ ਵਲੋਂ ਦਿੱਤਾ ਗਿਆ?
(ੳ) ਪਿਆਜ਼ੇ (ਅ) ਵਾਇਗੋਤਸਕੀ (ੲ) ਬਰੂਨਰ (ਸ) ਅਸੁਬਲ (1)

4. ਅਸੂਬਲ (Ausubel) ਵਲੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਸਿਧਾਂਤ ਦਿੱਤਾ ਗਿਆ?
(ੳ) ਅਰਥ ਭਰਪੂਰ ਗ੍ਰਹਿਣ ਸਿੱਖਣ ਸਿਧਾਂਤ (Meaningful Reception learning theory)
(ਅ) ਮਾਨਸਿਕ ਵਿਕਾਸ ਸਿਧਾਂਤ (Cognitive Development Theory)
(ੲ) ਸਮਾਜਿਕ ਵਿਕਾਸ ਸਿਧਾਂਤ (Social Development Theory)
(ਸ) ਉਪਰੋਕਤ ਵਿੱਚੋਂ ਕੋਈ ਨਹੀਂ । (1)

5. ਹੇਠ ਲਿਖਿਆਂ ਵਿੱਚੋਂ ਕਿਹੜਾ ਪ੍ਰਕਿਰਿਆ ਹੁਨਰ (Process skill) ਨਹੀਂ ਹੈ?
(ੳ) ਭਵਿੱਖਬਾਣੀ ਕਰਨਾ　　(ਅ) ਸੰਚਾਰ ਕਰਨਾ
(ੲ) ਰੱਟਾ ਲਗਾਉਣਾ　　(ਸ) ਵਿਆਖਿਆ ਕਰਨਾ (1)

6. ਮਨਨਸ਼ੀਲ ਅਭਿਆਸ (Reflective Practices) ਦੇ ਸੰਕਲਪ ਨੂੰ ਵਿਵਸਾਇਕ ਵਿਕਾਸ ਦੇ ਸਾਧਨ ਵਜੋਂ ਕਿਸ ਵਿਦਵਾਨ ਵਲੋਂ ਵਿਕਸਤ ਕੀਤਾ ਗਿਆ?
(ੳ) ਡੌਨੋਲਡ ਸ਼ੋਨ (Donold Schon)　　(ਅ) ਐਰਿਕਸਨ
(ੲ) ਜੈਮਸਫਡੀ ਨੋਵਿਕ　　(ਸ) ਸਕਿਨਰ (6×1=6)

### ਭਾਗ – (ਅ)

II ਕੋਈ ਅੱਠ ਪ੍ਰਸ਼ਨ ਕਰੋ । ਹਰ ਪ੍ਰਸ਼ਨ ਤਿੰਨ ਅੰਕਾਂ ਦਾ ਹੈ । ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿੱਚ ਦਿਓ।

1. ਵਾਤਾਵਰਨ ਅਧਿਐਨ ਦਾ ਅਰਥ ਸਪਸ਼ਟ ਕਰਦੇ ਹੋਏ ਇਸ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ। (3)



Scanned by CamScanner

8. ਵਾਤਾਵਰਨ ਅਧਿਐਨ ਅਤੇ ਵਾਤਾਵਰਨ ਸਿੱਖਿਆ ਵਿੱਚ ਘੱਟੋ-ਘੱਟ ਤਿੰਨ ਅੰਤਰ ਲਿਖੋ।

9. ਘੁਮਾਉਂਦਾਰ ਪਾਠਕ੍ਰਮ (Spiral -Curriculum) ਦਾ ਅਰਥ ਸਪੱਸ਼ਟ ਕਰਦੇ ਹੋਏ ਇਸ ਦੇ ਮਹੱਤਵ [illegible] ਵਿੱਚ ਵਰਨਣ ਕਰੋ।

10. ਵਾਇਗੋਤਸਕੀ ਦੁਆਰਾ ਦਿੱਤੇ ਗਏ ZPD ਦੇ ਸੰਕਲਪ ਦੀ ਇੱਕ ਉਦਾਹਰਨ ਦੀ ਸਹਾਇਤਾ ਨਾਲ ਵਿਆਖਿਆ ਕਰੋ। (3)

11. ਪੜਤਾਲ ਪਹੁੰਚ (Inquiry Approach) ਦੀ ਪ੍ਰਕਿਰਤੀ ਬਾਰੇ ਸੰਖੇਪ ਵਿੱਚ ਲਿਖੋ। (3)

12. ਬੱਚਿਆਂ ਦੇ ਸੰਕਲਪਾਂ (Ideas of Children) ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ ਅਤੇ ਕਿਸੇ ਇੱਕ ਵਿਸ਼ੇਸ਼ਤਾ ਦੀ ਉਦਾਹਰਨਾ ਸਹਿਤ ਵਿਆਖਿਆ ਕਰੋ। (3)

13. ਪ੍ਰੋਜੈਕਟ ਦੇ ਤਹਿਤ 'ਪ੍ਰਾਚੀਨ ਵਸਤੂਆਂ ਦੀ ਪ੍ਰਦਰਸ਼ਨੀ' ਦੇ ਦੌਰਾਨ ਅਧਿਆਪਕ ਵਿਦਿਆਰਥੀਆਂ ਦਾ ਆਂਕਲਨ (Assessment) ਕਿਹੜੇ ਨੁਕਤਿਆਂ ਦੇ ਅਧਾਰ ਉੱਤੇ ਕਰ ਸਕਦਾ ਹੈ? ਸੰਖੇਪ ਵਿੱਚ ਲਿਖੋ। (3)

14. ਇਕਾਈ ਯੋਜਨਾਬੰਦੀ ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੀ ਬਣਤਰ ਵਿੱਚ ਸ਼ਾਮਿਲ ਪੜਾਵਾਂ ਦਾ ਸੰਖੇਪ ਵਿੱਚ ਵਰਣਨ ਕਰੋ। (3)

15. ਮਨਨਸ਼ੀਲ ਅਧਿਆਪਨ (Reflective Teaching) ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਲਿਖੋ। (3)

## ਭਾਗ – (ੲ) ਨਿਬੰਧਾਤਮਿਕ ਪ੍ਰਸ਼ਨ

16. ਪਾਠ ਯੋਜਨਾ ਤੋਂ ਕੀ ਭਾਵ ਹੈ? ਚੰਗੀ ਪਾਠ ਯੋਜਨਾ ਦੇ ਸਿਧਾਂਤ ਮਹੱਤਤਾ ਅਤੇ ਲਾਭ ਲਿਖੋ।

ਜਾਂ

ਪ੍ਰਾਇਮਰੀ ਪੱਧਰ ਉੱਤੇ ਵਾਤਾਵਰਨ ਅਧਿਐਨ ਦਾ ਪਾਠਕ੍ਰਮ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? NCF-2005 ਦੀ ਰੋਸ਼ਨੀ ਵਿੱਚ ਵਿਸਥਾਰ ਨਾਲ ਵਰਣਨ ਕਰੋ। (10)

17. ਪਿਆਜ਼ੇ (Jean Piget) ਦੁਆਰਾ ਬੱਚਿਆਂ ਦੇ ਮਾਨਸਿਕ ਵਿਕਾਸ ਦੇ ਸੰਦਰਭ ਵਿੱਚ ਦਿੱਤੇ ਗਏ ਸਿਧਾਂਤ (Cognitive development theory) ਦੇ ਮੂਲ-ਪੱਖ (Basic Components) ਕਿਹੜੇ-ਕਿਹੜੇ ਹਨ? ਇਨ੍ਹਾਂ ਵਿੱਚੋਂ ਤੀਜੇ ਪੱਖ 'ਵਿਕਾਸ ਦੇ ਪੜਾਵਾਂ' (Stages of development) ਦਾ ਉਦਾਹਰਨ ਸਹਿਤ ਵਰਣਨ ਕਰੋ।

ਜਾਂ

ਬੱਚਿਆਂ ਦੀਆਂ ਪੂਰਵ ਧਾਰਨਾਵਾਂ ਨਾਲ ਨਜਿੱਠਣ ਲਈ ECIRR ਮਾਡਲ ਦਾ ਵਿਸਥਾਰ ਨਾਲ ਵਰਣਨ ਕਰੋ। (10)

18. ਵਾਤਾਵਰਨ ਅਧਿਐਨ ਦੇ ਅਧਿਆਪਨ ਵਿੱਚ ਪੜਤਾਲ ਨੂੰ ਲਾਗੂ ਕਰਨ ਦੇ ਕਿਹੜੇ-ਕਿਹੜੇ ਢੰਗ-ਤਰੀਕੇ (Ways of Conducting Inquirey) ਹਨ? ਇਨ੍ਹਾਂ ਵਿਚੋਂ ਤਜ਼ਰਬਾਕਾਰੀ (Experimentation) ਦੇ ਸੰਦਰਭ ਵਿੱਚ ਪ੍ਰਯੋਗ ਦੀ ਚੋਣ, ਯੋਜਨਾਬੰਦੀ ਅਤੇ ਮਹੱਤਵ ਬਾਰੇ ਵਿਸਥਾਰ ਨਾਲ ਚਰਚਾ ਕਰੋ।

ਜਾਂ

ਪੜਤਾਲ ਦੁਆਰਾ ਸਿੱਖਣ ਦੇ 5E ਸਿੱਖਣ ਚੱਕਰ (5E s learning Cycle of inquiry learning) ਦਾ ਵਿਸਥਾਰ ਨਾਲ ਵਰਣਨ ਕਰੋ। (10)

19. ਸੰਕਲਪ ਨਕਸ਼ੇ (Concept Map) ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਨਿਰਮਾਣ ਵਿੱਚ ਸ਼ਾਮਿਲ ਪੜਾਵਾਂ ਦਾ ਵਿਸਥਾਰ ਨਾਲ ਵਰਣਨ ਕਰੋ।

ਜਾਂ

ਸਿੱਖਣ ਸ੍ਰੋਤਾਂ ਦੇ ਇੱਕਤਰੀਕਰਨ (Resource Pool of Learning resources) ਤੋਂ ਕੀ ਭਾਵ ਹੈ? ਸਿੱਖਣ ਸ੍ਰੋਤਾਂ ਦੀਆਂ ਕਿਸਮਾਂ ਨੂੰ ਇੱਕ [illegible] ਚਾਰਟ (Flow Chart) ਦੀ ਸਹਾਇਤਾ ਨਾਲ ਦਰਸਾਓ। ਸਿੱਖਣ ਸ੍ਰੋਤਾਂ ਦੀ ਚੋਣ [illegible] ਦਾ ਵਿਸਥਾਰ ਨਾਲ ਵਰਣਨ ਕਰੋ।

# Diploma in Elementary Education (D.El.Ed)
## Session 2014-16 (First Year)
## Subject : Pedagogy of Environmental Studies (105)

Time : 3 hours M.M. 70

ਨੋਟ :- (1) ਸਾਰੇ ਪ੍ਰਸ਼ਨ ਜ਼ਰੂਰੀ ਹਨ ।
(2) ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ ।
(3) ਭਾਗ - (ੳ) ਵਸਤੂ ਵਾਚਕ ਹੈ। ਭਾਗ - (ਅ) ਦੇ ਉੱਤਰ ਸੰਖੇਪ ਵਿੱਚ ਅਤੇ ਭਾਗ - (ੲ) ਦੇ ਉੱਤਰ ਵਿਸਥਾਰ ਵਿੱਚ ਲਿਖੋ ।
(4) ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ-ਪੱਤਰ ਦੇ ਕ੍ਰਮ ਅਨੁਸਾਰ ਹੀ ਦੇਣ ਦੀ ਕੋਸ਼ਿਸ਼ ਕਰੋ ।

### ਭਾਗ - (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ ।

(i) ਵਾਤਾਵਰਨ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਨਿਖੇੜਕ ਹੈ?
(ੳ) ਪੌਦੇ (ਅ) ਮਨੁੱਖ (ੲ) ਉੱਲੀ (ਸ) ਉਪਰੋਕਤ ਸਾਰੇ । (1)

(ii) NCF-2005 ਵਿੱਚ ਵਾਤਾਵਰਣ ਅਧਿਐਨ ਦੇ ਪਾਠਕ੍ਰਮ ਸੰਗਠਨ ਲਈ ਕੁੱਲ ਕਿੰਨੇ ਥੀਮ (ਪ੍ਰਸੰਗ) ਚੁਣੇ ਗਏ ਹਨ?
(ੳ) ਚਾਰ (ਅ) ਛੇ (ੲ) ਅੱਠ (ਸ) ਦਸ (1)

(iii) ਪਿਆਜ਼ੇ ਅਨੁਸਾਰ ਠੋਸ ਸੰਕ੍ਰਿਆਤਮਿਕ ਅਵਸਥਾ (Concrete Operational Stage) ਸਮੇਂ ਬੱਚੇ ਦੀ ਉਮਰ ਕਿੰਨੀ ਹੁੰਦੀ ਹੈ?
(ੳ) 0-2 ਸਾਲ (ਅ) 2-7 ਸਾਲ (ੲ) 7-11 ਸਾਲ (ਸ) 11 ਸਾਲ ਤੋਂ ਉੱਪਰ (1)

(iv) 'ਸਿੱਖਣ' ਵਿੱਚ ਘੁਮਾਉਂਦਾਰ ਪਾਠਕ੍ਰਮ (Spiral Curriculum) ਦਾ ਸੰਕਲਪ ਕਿਸ ਵਿਦਵਾਨ ਵਲੋਂ ਦਿੱਤਾ ਗਿਆ?
(ੳ) ਜ਼ੀਨ ਪਿਆਜ਼ੇ (ਅ) ਵਾਇਗੋਤਸਕੀ (ੲ) ਬਰੂਨਰ (ਸ) ਅਸੂਬੈੱਲ (Ausubel) (1)

(v) ਛੋਟੇ ਸਮੂਹਿਕ ਪ੍ਰੋਜੈਕਟ (Small group project) ਵਿੱਚ ਗਰੁੱਪ ਦਾ ਸਹੀ ਆਕਾਰ ਹੈ ।
(ੳ) 1-2 ਵਿਦਿਆਰਥੀ (ਅ) 3-5 ਵਿਦਿਆਰਥੀ
(ੲ) 10-15 ਵਿਦਿਆਰਥੀ (ਸ) 20-25 ਵਿਦਿਆਰਥੀ (1)

(vi) ਜੋਸਫ਼ ਡੀ. ਨੋਵਕ (Joseph. D. Novak) ਵਲੋਂ ਹੇਠ ਲਿਖਿਆਂ ਵਿੱਚੋਂ ਕਿਹੜੀ ਤਕਨੀਕ ਦਾ ਵਿਕਾਸ ਕੀਤਾ ਗਿਆ?
(ੳ) ਸੰਕਲਕ ਨਕਸ਼ਾ (Concept Map)
(ਅ) ਘੁਮਾਉਂਦਾਰ ਪਾਠਕ੍ਰਮ (Spiral Curriculum)
(ੲ) ਸਕੈੱਫੋਲਡਿੰਗ (Scaffolding)
(ਸ) ਉਪਰੋਕਤ ਸਾਰੇ । (1)

(1+1+1+1+1+1=6)

### ਭਾਗ - (ਅ)

2. ਹੇਠ ਲਿਖਿਆਂ ਵਿੱਚੋਂ ਕਿਸੇ ਅੱਠ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ ।

(i) ਪ੍ਰਾਇਮਰੀ ਪੱਧਰ ਉੱਤੇ ਵਾਤਾਵਰਨ ਅਧਿਐਨ ਨੂੰ ਪੜ੍ਹਾਉਣ ਦੇ ਘੱਟੋ-ਘੱਟ ਅੱਠ ਉਦੇਸ਼ਾਂ ਦੀ ਸੂਚੀ ਬਣਾਓ ਅਤੇ ਕਿਸੇ ਦੋ ਦੀ ਵਿਆਖਿਆ ਕਰੋ । (3)

(ii) ਮਨੁੱਖ ਨਿਰਮਿਤ ਵਾਤਾਵਰਣ (Human made environment) ਦਾ ਅਰਥ ਸਪੱਸ਼ਟ ਕਰਦੇ ਹੋਏ ਇਸਦੇ ਅੰਗਾਂ ਬਾਰੇ ਸੰਖੇਪ ਵਿੱਚ ਵਰਨਣ ਕਰੋ । (3)

ਪਰਤੋ



Scanned by CamScanner

(iii) ਵਾਇਗੋਤਸਕੀ ਦੁਆਰਾ ਦਿੱਤੇ ਗਏ 'ਸਿੱਖਣ ਦਾ ਸਮਾਜਿਕ ਵਿਕਾਸ ਸਿਧਾਂਤ (Social development theory of learning) ਬਾਰੇ ਸੰਖੇਪ ਵਿੱਚ ਲਿਖੋ ।

(iv) ਬੱਚਿਆਂ ਦੀਆਂ ਪੂਰਵ ਧਾਰਨਾਵਾਂ ਬਾਰੇ ਜਾਨਣਾ ਅਧਿਆਪਕ ਲਈ ਕਿਉਂ ਜ਼ਰੂਰੀ ਹੈ? (3)

(v) ਗਰੁੱਪ ਵਿੱਚ ਕੰਮ ਕਰ ਰਹੇ ਬੱਚਿਆਂ ਨੂੰ ਅਸੈੱਸ (Assess) ਕਰਦੇ ਸਮੇਂ ਅਧਿਆਪਕ ਵਲੋਂ ਧਿਆਨ ਵਿੱਚ ਰੱਖੇ ਜਾਣ ਵਾਲੇ ਕੋਈ 6 ਨੁਕਤੇ ਲਿਖੋ । (3)

(vi) ਬੱਚਿਆਂ ਦੁਆਰਾ 'ਸਬਜ਼ੀ ਮੰਡੀ ਦੀ ਯਾਤਰਾ' ਉਨ੍ਹਾਂ ਲਈ ਸਿੱਖਣ ਅਤੇ ਅਧਿਆਪਕ ਦੁਆਰਾ ਉਨ੍ਹਾਂ ਨੂੰ ਅਸੈੱਸ ਕਰਨ ਵਿੱਚ ਕਿਸ ਤਰ੍ਹਾਂ ਸਹਾਈ ਹੋ ਸਕਦੀ ਹੈ? ਸੰਖੇਪ ਵਿੱਚ ਲਿਖੋ । (3)

(vii) ਵਾਤਾਵਰਣ ਅਧਿਐਨ ਦੇ ਅਧਿਆਪਨ ਵਿੱਚ ਬੱਚਿਆਂ ਦੁਆਰਾ 'ਛੋਟੇ ਗਰੁੱਪ ਵਿੱਚ ਕੰਮ ਕਰਨ ਦੇ ਮਹੱਤਵ ਬਾਰੇ ਸੰਖੇਪ ਵਿੱਚ ਲਿਖੋ ।

(viii) ਸੰਕਲਪ ਨਕਸ਼ੇ ਦੇ ਨਿਰਮਾਣ ਵਿੱਚ ਸ਼ਾਮਿਲ ਪੜਾਵਾਂ ਦੇ ਨਾਂ ਲਿਖੋ ਅਤੇ ਕਿਸੇ ਦੋ ਪੜਾਵਾਂ ਬਾਰੇ ਖੋਲ ਕੇ ਲਿਖੋ । (3)

(ix) ਕਿਸੇ ਛੱਪੜ ਜਾਂ ਝੀਲ ਦੀ ਵਰਤੋਂ ਵਾਤਾਵਰਣ ਅਧਿਐਨ ਦੇ ਕਿਹੜੇ-ਕਿਹੜੇ ਸੰਕਲਪਾਂ ਨੂੰ ਪੜ੍ਹਾਉਣ ਲਈ ਕੀਤੀ ਜਾ ਸਕਦੀ ਹੈ? (3)

(3+3+3+3+3+3+3+3=24)

### ਭਾਗ – (ੲ)

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਵਿੱਚ ਦਿਉ ।

3. ਵਾਤਾਵਰਣ ਅਧਿਐਨ ਦਾ ਅਰਥ ਅਤੇ ਸੰਕਲਪ ਸਪਸ਼ਟ ਕਰਦੇ ਹੋਏ ਇਸਦੀ ਪ੍ਰਕ੍ਰਿਤੀ ਉੱਤੇ ਚਾਨਣਾ ਪਾਉ।

ਜਾਂ (10)

"ਵਾਤਾਵਰਨ ਅਧਿਐਨ ਦਾ ਕਾਰਜ ਖੇਤਰ ਬਹੁਤ ਹੀ ਵਿਸ਼ਾਲ ਹੈ ।" ਇਸ ਕਥਨ ਦੀ ਉਦਾਹਰਨਾ ਸਹਿਤ ਵਿਆਖਿਆ ਕਰੋ ।

4. ਪਿਆਜ਼ੇ ਦੁਆਰਾ ਬੱਚਿਆਂ ਦੇ ਮਾਨਸਿਕ ਵਿਕਾਸ ਦੇ ਸੰਦਰਭ ਵਿੱਚ ਦਿੱਤੇ ਗਏ ਸਮਾਜਿਕ ਵਿਕਾਸ ਸਿਧਾਂਤ (Cognitive development theory) ਦੇ ਮੂਲ-ਪੱਖਾਂ (Basic components) ਦੇ ਨਾਂ ਲਿਖੋ ਅਤੇ ਇਨ੍ਹਾਂ ਵਿਚੋਂ ਦੂਜੇ ਪੱਖ ਪ੍ਰਕ੍ਰਿਆਵਾਂ (Processes) ਬਾਰੇ ਉਦਾਹਰਨਾ ਸਹਿਤ ਲਿਖੋ ।

ਜਾਂ (10)

ਬੱਚਿਆਂ ਦੀਆਂ ਪੂਰਵ ਧਾਰਨਾਵਾਂ (proconceptions) ਦਾ ਅਰਥ ਸਪੱਸ਼ਟ ਕਰਦੇ ਹੋਏ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ ।

5. ਨਿਰਮਾਣਵਾਦੀ ਪਹੁੰਚ ਅਨੁਸਾਰ ਵਾਤਾਵਰਣ ਅਧਿਐਨ ਦੇ ਅਧਿਆਪਨ ਸਮੇਂ ਪੜਤਾਲ ਨੂੰ ਲਾਗੂ ਕਰਨ ਦੇ ਢੰਗ ਤਰੀਕਿਆਂ (Wags of Conducting Enquiry) ਦੇ ਨਾਂ ਲਿਖੋ ਅਤੇ ਇਨ੍ਹਾਂ ਵਿੱਚੋਂ ਕਿਸੇ ਦੋ ਤਰੀਕਿਆਂ ਦੀ ਖੋਲ ਕੇ ਵਿਆਖਿਆ ਕਰੋ ।

ਜਾਂ (10)

ਪ੍ਰਕ੍ਰਿਆ ਹੁਨਰ (Process-skills) ਦਾ ਅਰਥ ਸਪੱਸ਼ਟ ਕਰਦੇ ਹੋਏ ਵਾਤਾਵਰਨ ਅਧਿਐਨ ਦੇ ਅਧਿਆਪਨ ਦੁਆਰਾ ਵਿਕਸਿਤ ਹੋ ਸਕਣ ਵਾਲੇ ਘੱਟੋ-ਘੱਟ ਛੇ ਪ੍ਰਕ੍ਰਿਆ ਹੁਨਰਾਂ ਦਾ ਉਦਾਹਰਨਾਂ ਸਹਿਤ ਵਰਨਣ ਕਰੋ।

6. ਮਨੁੱਖ ਨਿਰਮਿਤ ਬਾਹਰੀ ਸ੍ਰੋਤਾਂ ਤੋਂ ਕੀ ਭਾਵ ਹੈ? ਇਨ੍ਹਾਂ ਦੀ ਸੂਚੀ ਬਣਾਉ ਅਤੇ ਇਨ੍ਹਾਂ ਵਿੱਚੋਂ ਕਿਸੇ ਦੋ ਸ੍ਰੋਤਾਂ ਬਾਰੇ ਲਿਖੋ ਕਿ ਇਨ੍ਹਾਂ ਦੀ ਵਰਤੋਂ ਦੁਆਰਾ ਕਿਹੜੇ-ਕਿਹੜੇ ਸੰਕਲਪ ਵਿਦਿਆਰਥੀਆਂ ਨੂੰ ਪੜ੍ਹਾਏ ਜਾ ਸਕਦੇ ਹਨ?

ਜਾਂ (10)

ਚਿੰਤਨਸ਼ੀਲ ਲਿਖਤ ਜਾਂ ਰੋਜ਼ਨਾਮਚਾ (Reflective Journal) ਦਾ ਅਰਥ ਸਪੱਸ਼ਟ ਕਰਦੇ ਹੋਏ ਇਸ ਦੇ ਨਿਰਮਾਣ ਬਾਰੇ ਵਿਸਥਾਰ ਨਾਲ ਲਿਖੋ ।

(10+10+10+10=40)

Scanned by CamScanner

# ਡੀ. ਐਲ. ਐਡ (D.El.Ed)
## ਸੈਸ਼ਨ – 2013-15 (ਪਹਿਲਾ ਸਾਲ)
## ਵਿਸ਼ਾ :- ਪੰਜਾਬੀ ਅਧਿਆਪਨ (106)

ਸਮਾਂ : 3 ਘੰਟੇ ਕੁੱਲ ਅੰਕ- 70

ਨੋਟ :- ਸਾਰੇ ਪ੍ਰਸ਼ਨ ਜ਼ਰੂਰੀ ਹਨ ।

### ਭਾਗ – (ੳ)

1. (i) ਭਾਸ਼ਾ ਦੇ ਸ਼ਾਬਦਿਕ ਅਰਥ ਲਿਖੋ ।
 (ii) ਪੰਜਾਬੀ ਭਾਸ਼ਾ ਵਿੱਚ ਵਿਆਕਰਨ ਸਿੱਖਿਆ ਦਾ ਮਹੱਤਵ ਦੱਸੋ ।
 (iii) ਭਾਸ਼ਾ ਸਿੱਖਿਆ ਦੇ ਪਾਠਕ੍ਰਮ ਦੇ ਕੋਈ ਦੋ ਉਦੇਸ਼ ਲਿਖੋ ।
 (iv) ਅਧਿਆਪਕਾਂ ਲਈ ਸਕੂਲ ਰਿਕਾਰਡ ਦੇ ਕੋਈ ਦੋ ਲਾਭ ਲਿਖੋ ।
 (v) ਆਂਕਲਣ ਦੀਆਂ ਕਿਸਮਾਂ ਦੇ ਨਾਂ ਲਿਖੋ । (1+1+1+1+1=5)

### ਭਾਗ – (ਅ)

2. ਕੋਈ ਪੰਜ ਭਾਗ ਕਰੋ ।
 (i) ਅੰਗਰੇਜ਼ੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਲਿਖੋ ।
 (ii) ਬੱਚਿਆਂ ਦੇ ਮਾਨਸਿਕ ਵਿਕਾਸ ਉੱਤੇ ਵਾਤਾਵਰਣ ਦਾ ਪ੍ਰਭਾਵ ਦੱਸੋ ।
 (iii) ਭਾਸ਼ਾ ਦੇ ਜਮਾਤ ਅੰਦਰ ਕੋਈ ਪੰਜ ਕਾਰਜ ਲਿਖੋ ।
 (iv) ਪੜ੍ਹਨ ਜਾਂ ਵਾਚਨ ਦਾ ਅਭਿਆਸ ਭਾਸ਼ਾ ਸਿੱਖਿਆ ਵਿੱਚ ਕਿਵੇਂ ਸਹਾਈ ਹੁੰਦਾ ਹੈ?
 (v) ਜਮਾਤ ਨਿਰਦੇਸ਼ਨ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
 (vi) ਤਸ਼ਖੀਸੀ ਆਂਕਲਣ ਦੇ ਕੋਈ ਪੰਜ ਲਾਭ ਲਿਖੋ । (3+3+3+3+3=15)

### ਭਾਗ – (ੲ)

3. ਸਰਕਾਰੀ ਸ਼ਾਸ਼ਨ ਪ੍ਰਣਾਲੀ ਵਿੱਚ ਭਾਸ਼ਾ ਸਬੰਧੀ ਕੀ ਨਜ਼ਰੀਆ ਅਪਣਾਇਆ ਗਿਆ ਹੈ?

**ਜਾਂ**

ਬਹੁਭਾਸ਼ਾਈਵਾਦ ਤੋਂ ਤੁਸੀਂ ਕੀ ਸਮਝਦੇ ਹੋ? ਭਾਸ਼ਾ ਦੇ ਵੱਖ-ਵੱਖ ਰੂਪਾਂ ਦਾ ਵਿਸਥਾਰ ਸਹਿਤ ਵਰਨਣ ਕਰੋ । (10)

4. ਇੱਕ ਬਾਲਕ ਦਾ ਸਕੂਲ ਤੋਂ ਪਹਿਲਾਂ ਦਾ ਸਮਾਂ ਕਿਸ ਪ੍ਰਕਾਰ ਦਾ ਹੁੰਦਾ ਹੈ? ਆਪਣੇ ਵਿਚਾਰ ਪੇਸ਼ ਕਰੋ ।

**ਜਾਂ**

ਬੱਚਿਆਂ ਦੇ ਪਿਛੋਕੜ ਸਬੰਧੀ ਆਪਣੇ ਵਿਚਾਰ ਪੇਸ਼ ਕਰੋ । (10)

5. ਬੱਚਿਆਂ ਦੇ ਜੀਵਨ ਵਿੱਚ ਭਾਸ਼ਾ ਦੇ ਕਾਰਜ ਵਿਸਥਾਰ ਸਹਿਤ ਲਿਖੋ ।

**ਜਾਂ**

Scanned by CamScanner

ਭਾਸ਼ਾ ਸਿੱਖਿਆ ਤੋਂ ਤੁਹਾਡਾ ਕੀ ਭਾਵ ਹੈ? ਆਪਣੇ ਵਿਚਾਰ ਲਿਖੋ ।

6. ਸਕੂਲ ਵਿੱਚ ਰਿਕਾਰਡ ਦਰਜ ਕਰਨ ਦੀ ਜ਼ਰੂਰਤ ਕਿਉਂ ਹੁੰਦੀ ਹੈ? ਬਿਆਨ ਕਰੋ । (1

**ਜਾਂ**

ਭਾਸ਼ਾ ਸਿੱਖਿਆ ਲਈ ਅਧਿਆਪਕ ਬਾਲਕਾਂ ਨੂੰ ਕਿਹੜੇ-ਕਿਹੜੇ ਕੌਸ਼ਲਾਂ ਦਾ ਅਭਿਆਸ ਕਰਵਾ ਸਕਦਾ ਹੈ? (10)

7. ਸਿੱਖਿਆ ਵਿੱਚ ਆਂਕਲਣ ਦੇ ਉਦੇਸ਼ਾਂ 'ਤੇ ਚਰਚਾ ਕਰੋ ।

**ਜਾਂ**

ਪ੍ਰੋਫਾਈਲ ਤਿਆਰ ਕਰਦੇ ਸਮੇਂ ਕਿੰਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਅਧਿਆਪਕ ਲਈ ਬਹੁਤ ਜ਼ਰੂਰੀ ਹੈ? ਵਰਨਣ ਕਰੋ । (10)

Scanned by CamScanner

# Diploma in Elementary Education (D.El.Ed.)

## Session - 2013-15 (First year)

## Subject - Learning Mother Tongue and Other Languages - In and Outside the school (106)

Time : 3 hours M.M. 70

ਨੋਟ :- (1) ਪ੍ਰਸ਼ਨ-ਪੱਤਰ ਦੇ ਤਿੰਨ ਭਾਗ ਹਨ ।

(2) ਹਿਦਾਇਤਾ ਮੁਤਾਬਕ ਪ੍ਰਸ਼ਨ ਹੱਲ ਕੀਤੇ ਜਾਣ ।

### ਭਾਗ - (ੳ)

1. ਸਾਰੇ ਪ੍ਰਸ਼ਨ ਜ਼ਰੂਰੀ ਹਨ ।

(i) ਭਾਰਤ ਦੀ ਰਾਸ਼ਟਰੀ ਭਾਸ਼ਾ ਕਿਹੜੀ ਹੈ? (1)

(ii) ਬੱਚੇ ਦੇ ਪੂਰੇ ਜੀਵਨ ਦਾ ਵਿਕਾਸ ਕਿਸ ਤੇ ਨਿਰਭਰ ਕਰਦਾ ਹੈ? (1)

(iii) ਪਾਠਕ੍ਰਮ ਦੀ ਪਰਿਭਾਸ਼ਾ ਦਵੋ । (1)

(iv) ਭਾਸ਼ਾ ਦੀ ਲਘੂਤਮ ਇਕਾਈ ਕੀ ਹੈ? (1)

(v) ਨਿਰੀਖਣ ਤੋਂ ਕੀ ਭਾਵ ਹੈ? (1)

(1+1+1+1+1=5)

### ਭਾਗ - (ਅ)

2. ਹੇਠ ਲਿਖਿਆਂ ਵਿਚੋਂ ਕਿਸੇ ਪੰਜ (5) ਪ੍ਰਸ਼ਨਾਂ ਦੇ ਉੱਤਰ ਦਿਓ ।

(i) ਵਿਦਿਆਰਥੀ ਦੇ ਸਕੂਲੀ ਜੀਵਨ ਵਿੱਚ ਭਾਸ਼ਾ ਦੇ ਕਾਰਜ ਦੱਸੋ । (3)

(ii) ਪੰਜਾਬ ਰਾਜ ਭਾਸ਼ਾ ਐਕਟ ਤੋਂ ਕੀ ਭਾਵ ਹੈ? (3)

(iii) ਸਾਹਿਤ ਕੀ ਹੈ? ਇਸਦੇ ਕਿਹੜੇ-ਕਿਹੜੇ ਰੂਪ ਹੁੰਦੇ ਹਨ? (3)

(iv) ਜਨਾਰਦਨ ਰੈਡੀ ਕਮੇਟੀ ਵੱਲੋਂ ਨਵੋਦਯ ਸਕੂਲਾਂ ਬਾਰੇ ਕੀ ਸੁਝਾਅ ਦਿੱਤੇ ਗਏ? (3)

(v) ਭਾਸ਼ਾ ਦੀ ਸਿੱਖਣ-ਪ੍ਰਕਿਰਿਆ ਦੇ ਜਨਮ-ਜਾਤੀ ਪਰਿਪੇਖ ਬਾਰੇ ਜਾਣਕਾਰੀ ਦਵੋ । (3)

(vi) ਅੱਜ ਦੇ ਸਮਾਜ ਵਿੱਚ ਭਾਸ਼ਾ ਸਿੱਖਿਆ ਦੀ ਜਰੂਰਤ ਕਿਉਂ ਹੈ? (3)

(3+3+3+3+3=15)

### ਭਾਗ - (ੲ)

3. (i) ਸਕੂਲ ਰਿਕਾਰਡ ਕੀ ਹੁੰਦਾ ਹੈ? ਇਸਦਾ ਸਕੂਲ, ਅਧਿਆਪਕ ਅਤੇ ਵਿਦਿਆਰਥੀ ਨੂੰ ਕੀ ਲਾਭ ਹੁੰਦਾ ਹੈ?

ਜਾਂ

ਭਾਸ਼ਾ ਸਿੱਖਿਆ ਲਈ ਅਧਿਆਪਕ ਬੱਚਿਆਂ ਨੂੰ ਕਿਹੜੇ ਹੁਨਰਾਂ ਦਾ ਅਭਿਆਸ ਕਰਵਾ ਸਕਦਾ ਹੈ। ਵਿਸਥਾਰ ਨਾਲ ਵਰਨਣ ਕਰੋ । (10)

(ii) ਸਰਕਾਰੀ ਸ਼ਾਸਨ ਪ੍ਰਣਾਲੀ ਤੋਂ ਤੁਸੀਂ ਕੀ ਸਮਝਦੇ ਹੋ? ਸਰਕਾਰੀ ਸ਼ਾਸਨ ਪ੍ਰਣਾਲੀ ਵਿੱਚ ਭਾਸ਼ਾ ਦਾ ਕੀ ਰੋਲ ਹੈ?

ਜਾਂ
